ਬੁੱਧਵਾਰ, 5 ਫਰਵਰੀ, 2025
23 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 246

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • WEDNESDAY, 5 FEBRUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਮੋਦੀ ਦੇ ਅਮਰੀਕਾ ਦੌਰੇ ਤੋਂ ਪਹਿਲਾਂ ਟਰੰਪ ਵੱਲੋਂ 205 ਭਾਰਤੀ ਡਿਪੋਰਟ

ਫੌਜੀ ਜਹਾਜ਼ ਅੱਜ ਅੰਮ੍ਰਿਤਸਰ ਲਾਹ ਕੇ ਜਾਵੇਗਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਗਲੇ ਹਫਤੇ ਦੇ ਅਮਰੀਕਾ ਦੌਰੇ ਤੋਂ ਪਹਿਲਾਂ ਅਮਰੀਕਾ 'ਚੋਂ ਡਿਪੋਰਟ ਕੀਤੇ 205 ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਰਵਾਨਾ ਹੋਇਆ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਬੁੱਧਵਾਰ ਸਵੇਰੇ 9 ਵਜੇ ਅੰਮ੍ਰਿਤਸਰ ਹਵਾਈ ਅੱਡੇ ਉੱਤੇ ਉਤਰੇਗਾ। ਸੂਤਰਾਂ ਨੇ ਕਿਹਾ ਕਿ ਇਨ੍ਹਾਂ ਗੈਰਕਾਨੂੰਨੀ ਪ੍ਰਵਾਸੀਆਂ ਵਿੱਚੋਂ ਬਹੁਤੇ ਪੰਜਾਬ ਜਾਂ ਨੇੜਲੇ ਰਾਜਾਂ ਨਾਲ ਸੰਬੰਧਤ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਹ ਪਹਿਲੀ ਵਾਰ ਹੈ ਜਦੋਂ ਇੰਨੀ ਵੱਡੀ ਗਿਣਤੀ ਵਿੱਚ ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਵਾਪਸ ਭੇਜਿਆ ਗਿਆ ਹੈ। ਟਰੰਪ ਨੇ 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਹਲਫ ਲਿਆ ਸੀ। ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਸੀ-17 ਗਲੋਬਮਾਸਟਰ ਵਿੱਚ 205 ਵਿਅਕਤੀ ਸਵਾਰ ਹਨ। ਜਹਾਜ਼ ਦੇ ਅੰਮ੍ਰਿਤਸਰ ਵਿਚ ਲੈਂਡ ਕਰਨ ਤੋਂ ਪਹਿਲਾਂ ਰਾਹ ਵਿਚ ਜਰਮਨੀ ਦੇ ਰੈਮਸਟੇਨ ਹਵਾਈ ਬੇਸ 'ਤੇ ਈਂਧਣ ਭਰਾਏ ਜਾਣ ਦੀ ਸੰਭਾਵਨਾ ਹੈ।

ਉਂਜ ਇਹ ਪਹਿਲੀ ਵਾਰ ਹੈ ਜਦੋਂ ਅਮਰੀਕਾ ਗੈਰਕਾਨੂੰਨੀ ਪਰਵਾਸੀਆਂ ਨੂੰ ਭਾਰਤ ਭੇਜਣ ਲਈ ਫੌਜੀ ਮਾਲਵਾਹਕ ਜਹਾਜ਼ ਦੀ ਵਰਤੋਂ ਕਰ ਰਿਹਾ ਹੈ। ਇਸ ਤੋਂ ਪਹਿਲਾਂ ਬੀਤੇ ਵਿੱਚ ਡਿਪੋਰਟ ਕਰਨ ਲਈ ਕਮਰਸ਼ੀਅਲ ਜਹਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਸੀ-317 ਨਿਯਮਤ ਵਪਾਰਕ ਜਹਾਜ਼ਾਂ ਵਾਂਗ ਜੈੱਟ ਇੰਜਣਾਂ ਦੀ ਵਰਤੋਂ ਕਰਦਾ ਹੈ। ਇਸ ਵਿੱਚ ਇੱਕ ਟਾਇਲਟ ਹੈ ਅਤੇ ਸੀਟਾਂ ਅਮਰੀਕੀ ਸੈਨਿਕਾਂ ਦੀ ਆਵਾਜਾਈ ਮੁਤਾਬਕ ਡਿਜ਼ਾਈਨਡ ਹਨ। ਭਾਰਤੀ ਹਵਾਈ ਸੈਨਾ ਵੀ ਢੋਆ-ਢੁਆਈ ਲਈ ਇਹੀ ਜਹਾਜ਼ ਵਰਤਦੀ ਹੈ।

ਅਮਰੀਕੀ ਅਧਿਕਾਰੀ ਨੇ ਵਾਸ਼ਿੰਗਟਨ ਵਿੱਚ ਕਿਹਾ ਕਿ ਇਹ ਗੈਰਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਣ ਲਈ ਹੁਣ ਤੱਕ ਦੀ ਸਭ ਤੋਂ ਲੰਮੀ ਦੂਰੀ ਵਾਲੀ ਫੌਜੀ ਉਡਾਣ ਹੈ। ਅਧਿਕਾਰੀ ਨੇ ਆਪਣੀ ਪਛਾਣ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਸੀ-17 ਫੌਜੀ ਜਹਾਜ਼ ਪਰਵਾਸੀਆਂ ਨੂੰ ਲੈ ਕੇ ਭਾਰਤ ਲਈ ਰਵਾਨਾ ਹੋਇਆ ਹੈ, ਜੋ ਅਗਲੇ 24 ਘੰਟਿਆਂ ਵਿਚ ਆਪਣੀ ਮੰਜ਼ਿਲ 'ਤੇ ਪਹੁੰਚ ਜਾਵੇਗਾ। ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਨੇ ਟੈਕਸਾਸ ਤੇ ਕੈਲੇਫੋਰਨੀਆ ਵਿੱਚੋਂ ਹਿਰਾਸਤ ਵਿੱਚ ਲਏ 5000 ਤੋਂ ਵੱਧ ਪਰਵਾਸੀਆਂ ਨੂੰ ਡਿਪੋਰਟ ਕਰਨ ਲਈ ਫੌਜੀ ਉਡਾਣਾਂ ਦੀ ਵਰਤੋਂ ਵੀ ਸ਼ੁਰੂ ਕੀਤੀ ਹੈ। ਹੁਣ ਤੱਕ ਫੌਜੀ ਜਹਾਜ਼ਾਂ ਦੀ ਮਦਦ ਨਾਲ ਗੁਆਟੇਮਾਲਾ, ਪੇਰੂ ਤੇ ਹੌਂਡੂਰਸ ਦੇ ਪਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ ਹੈ। ਹਾਲਾਂਕਿ ਫੌਜੀ ਉਡਾਣਾਂ ਤ

● ਬਾਕੀ ਸਫ਼ਾ 2 'ਤੇ

ਦਿੱਲੀ ਅਸੈਂਬਲੀ ਲਈ ਅੱਜ ਪੋਲਿੰਗ ਤੋਂ ਪਹਿਲਾਂ ਆਤਿਸ਼ੀ ਖਿਲਾਫ ਕੇਸ ਦਰਜ

ਨਵੀਂ ਦਿੱਲੀ : ਦਿੱਲੀ ਅਸੈਂਬਲੀ ਦੀ ਚੋਣ ਲਈ ਬੁੱਧਵਾਰ ਨੂੰ ਵੋਟਾਂ ਪੈਣਗੀਆਂ। ਕੌਮੀ ਰਾਜਧਾਨੀ ਦੇ 70 ਹਲਕਿਆਂ ਵਿੱਚ ਆਮ ਆਦਮੀ ਪਾਰਟੀ, ਭਾਜਪਾ ਅਤੇ ਕਾਂਗਰਸ ਵੱਲੋਂ ਉਮੀਦਵਾਰ ਖੜ੍ਹੇ ਕੀਤੇ ਗਏ ਹਨ। ਦਿੱਲੀ ਦੇ 1.56 ਕਰੋੜ ਵੋਟਰ ਆਜ਼ਾਦ ਅਤੇ ਹੋਰ ਸਥਾਨਕ ਪਾਰਟੀਆਂ ਦੇ ਉਮੀਦਵਾਰਾਂ ਸਮੇਤ ਕੁੱਲ 699 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਦਿੱਲੀ ਦੇ ਮੁੱਖ ਚੋਣ ਅਧਿਕਾਰੀ ਮੁਤਾਬਕ 13,766 ਪੋਲਿੰਗ ਸਟੇਸ਼ਨਾਂ 'ਤੇ 1.56 ਕਰੋੜ ਵੋਟਰ ਵੋਟ ਪਾਉਣ ਦੇ ਯੋਗ ਹਨ। ਇਸੇ ਦੌਰਾਨ ਦਿੱਲੀ ਪੁਲਸ ਨੇ ਆਦਰਸ਼ ਚੋਣ ਜ਼ਾਬਤੇ ਦੀ ਕਥਿਤ ਉਲੰਘਣਾ ਤੇ ਸਰਕਾਰੀ ਅਧਿਕਾਰੀ ਦੀ ਡਿਊਟੀ ਵਿੱਚ ਅੜਿੱਕਾ ਡਾਹੁਣ ਦੇ ਦੋਸ਼ ਵਿਚ ਮੁੱਖ ਮੰਤਰੀ ਤੇ ਕਾਲਕਾਜੀ ਹਲਕੇ ਤੋਂ 'ਆਪ' ਉਮੀਦਵਾਰ ਆਤਿਸ਼ੀ ਖਿਲਾਫ਼ ਕੇਸ ਦਰਜ ਕੀਤਾ ਹੈ।

ਪੁਲਸ ਅਧਿਕਾਰੀ ਨੇ ਕਿਹਾ ਕਿ ਗੋਵਿੰਦਪੁਰੀ ਪੁਲਸ ਥਾਣੇ ਵਿੱਚ ਵੱਖ-ਵੱਖ ਧਾਰਾਵਾਂ ਤਹਿਤ ਕਾਲਕਾਜੀ ਤੋਂ 'ਆਪ' ਉਮੀਦਵਾਰ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਅਗਲੇਰੀ ਜਾਂਚ ਦਾ ਅਮਲ ਜਾਰੀ ਹੈ। ਉਨ੍ਹਾ ਅੱਗੇ ਦੱਸਿਆ ਕਿ ਫਤਿਹ ਸਿੰਘ ਮਾਰਗ 'ਤੇ 'ਆਪ' ਉਮੀਦਵਾਰ ਨੂੰ 50-70 ਸਮਰਥਕਾਂ ਅਤੇ 10 ਗੱਡੀਆਂ ਸਮੇਤ ਮਿਲਣ 'ਤੇ ਉਪਰੋਕਤ ਕਾਰਵਾਈ ਕੀਤੀ ਗਈ। ਪੁਲਸ ਨੇ ਉਨ੍ਹਾਂ ਨੂੰ ਆਦਰਸ਼ ਚੋਣ ਜ਼ਾਬਤੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਲਾਕਾ ਖਾਲੀ ਕਰਨ ਦੇ ਨਿਰਦੇਸ਼ ਦਿੱਤੇ, ਪਰ ਉਨ੍ਹਾਂ ਇੱਕ ਅਧਿਕਾਰੀ ਨੂੰ ਉਸ ਦੀ ਡਿਊਟੀ ਕਰਨ ਤੋਂ ਰੋਕਿਆ। ਉਧਰ, ਆਤਿਸ਼ੀ ਨੇ ਦੋਸ਼ ਲਗਾਇਆ ਕਿ ਭਾਜਪਾ ਉਮੀਦਵਾਰ ਰਮੇਸ਼ ਬਿਧੂੜੀ ਅਤੇ ਉਸ ਦੇ ਪਰਵਾਰ ਦੇ ਮੈਂਬਰ ਖੁੱਲ੍ਹੇਆਮ ਗੁੰਡਾਗਰਦੀ ਕਰ ਰਹੇ ਸਨ, ਪਰ ਉਨ੍ਹਾਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ, ਜਦੋਂ ਕਿ ਉਸ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਭਾਜਪਾ ਗੁੰਡਾਗਰਦੀ ਉੱਤੇ ਉੱਤਰ ਆਈ ਹੈ, ਜਦੋਂਕਿ ਦਿੱਲੀ ਪੁਲਸ 'ਆਪ' ਆਗੂਆਂ ਤੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਭਾਜਪਾ ਵਰਕਰਾਂ ਨੂੰ ਬਚਾ ਰਹੀ ਹੈ। ਆਤਿਸ਼ੀ ਨੇ ਪ੍ਰੈੱਸ ਕਾਨਫਰੰਸ ਦੌਰਾਨ ਦਾਅਵਾ ਕੀਤਾ ਕਿ ਭਾਰਤ ਵਿੱਚ ਜਮਹੂਰੀਅਤ ਹੁਣ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਦੇ ਹੱਥ ਵਿੱਚ ਹੈ ਅਤੇ ਪੂਰਾ ਦੇਸ਼ ਦੇਖ ਰਿਹਾ ਹੈ ਕਿ ਕੀ ਇਸ (ਜਮਹੂਰੀਅਤ) ਦਾ ਕੌਮੀ ਰਾਜਧਾਨੀ ਵਿੱਚ ਬਚਾਅ ਹੁੰਦਾ ਹੈ ਜਾਂ ਨਹੀਂ।

ਖੱਬੀਆਂ ਪਾਰਟੀਆਂ ਬਜਟ 'ਚ ਬਦਲਵੀਆਂ ਤਜਵੀਜ਼ਾਂ ਸ਼ਾਮਲ ਕਰਾਉਣ ਲਈ 14 ਤੋਂ ਜਨ-ਮੁਹਿੰਮ ਚਲਾਉਣਗੀਆਂ

ਲੁਧਿਆਣਾ (ਐੱਮ ਐੱਸ ਭਾਟੀਆ)

ਖੱਬੀਆਂ ਪਾਰਟੀਆਂ, ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਅਤੇ ਆਲ ਇੰਡੀਆ ਫਾਰਵਰਡ ਬਲਾਕ ਦੇ ਨੇਤਾਵਾਂ ਨੇ 3 ਫਰਵਰੀ ਨੂੰ ਦਿੱਲੀ ਵਿਚ ਮੁਲਾਕਾਤ ਕੀਤੀ ਅਤੇ ਕੇਂਦਰੀ ਬਜਟ ਬਾਰੇ ਚਰਚਾ ਕੀਤੀ। ਉਨ੍ਹਾਂ ਜਾਰੀ ਬਿਆਨ ਬਿਆਨ ਵਿੱਚ ਕਿਹਾ ਕਿ ਖੱਬੀਆਂ ਪਾਰਟੀਆਂ ਵੱਲੋਂ ਬਜਟ 'ਤੇ ਬਦਲਵੇਂ ਪ੍ਰਸਤਾਵ ਦਿੱਤੇ ਗਏ ਸਨ।ਉਨ੍ਹਾ ਕਿਹਾ ਕਿ ਕੇਂਦਰੀ ਬਜਟ 2025-26 ਲੋਕਾਂ ਦੀਆਂ ਫੌਰੀ ਅਤੇ ਬੁਨਿਆਦੀ ਲੋੜਾਂ ਨਾਲ ਧੋਖਾ ਹੈ। ਲੋਕਾਂ ਦੇ ਹੱਥਾਂ ਵਿੱਚ ਖਰੀਦ ਸ਼ਕਤੀ ਦੀ ਕਮੀ, ਵੱਡੀ ਪੱਧਰ ਤੇ ਬੇਰੁਜ਼ਗਾਰੀ ਅਤੇ ਸੁੰਗੜਦੀਆਂ ਉਜਰਤਾਂ ਕਾਰਨ ਆਰਥਿਕਤਾ ਵਿੱਚ ਮੰਗ ਦੀ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਮੋਦੀ ਸਰਕਾਰ ਨੇ ਬਜਟ ਰਾਹੀਂ ਅਮੀਰਾਂ ਨੂੰ ਰਿਆਇਤਾਂ ਦੇ ਕੇ ਆਰਥਿਕਤਾ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਮੀਰਾਂ ਅਤੇ ਵੱਡੇ ਕਾਰਪੋਰੇਟ ਘਰਾਣਿਆਂ 'ਤੇ ਟੈਕਸ ਲਗਾ ਕੇ ਅਤੇ ਜਨਤਕ ਨਿਵੇਸ਼ਾਂ ਦਾ ਵਿਸਥਾਰ ਕਰਨ ਦੀ ਬਜਾਏ, ਜੋ ਰੁਜ਼ਗਾਰ ਪੈਦਾ ਕਰਨ ਅਤੇ ਲੋਕਾਂ ਲਈ ਘੱਟੋ-ਘੱਟ ਉਜਰਤ ਯਕੀਨੀ ਬਣਾਉਣ ਵਿੱਚ ਮਦਦ ਕਰਨਗੇ, ਇਸ ਨੇ ਉਲਟ ਕੰਮ ਕਰਨ ਦੀ ਚੋਣ ਕੀਤੀ ਹੈ। ਬਜਟ ਨਿੱਜੀ ਨਿਵੇਸ਼ ਨੂੰ ਉਤਸ਼ਾਹਤ ਕਰਨ, ਜਨਤਕ ਸੰਪਤੀਆਂ ਨੂੰ ਨਿੱਜੀ ਖੇਤਰ ਦੀ ਸੇਵਾ 'ਤੇ ਰੱਖ ਕੇ ਅਤੇ ਬਿਜਲੀ ਖੇਤਰ ਦੇ ਨਿੱਜੀਕਰਨ ਅਤੇ ਇਸ ਤਰ੍ਹਾਂ ਦੇ ਹੋਰ ਕੰਮਾਂ ਦੁਆਰਾ ਦੌਲਤ ਦੇ ਵੱਧ ਤੋਂ ਵੱਧ ਭੰਡਾਰ ਨੂੰ ਉਤਸ਼ਾਹਤ ਕਰਦਾ ਹੈ।

ਕੇਂਦਰੀ ਬਜਟ ਬੇਰੁਜ਼ਗਾਰੀ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਾ ਹੈ। ਖੁਰਾਕ ਸਬਸਿਡੀਆਂ, ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ, ਸਿੱਖਿਆ, ਸਿਹਤ, ਪੇਂਡੂ ਵਿਕਾਸ, ਸਮਾਜ ਭਲਾਈ ਅਤੇ ਸ਼ਹਿਰੀ ਵਿਕਾਸ ਪਿਛਲੇ ਸਾਲ ਨਾਲੋਂ ਰੁਕੇ ਜਾਂ ਘੱਟ ਹਨ। ਮਨਰੇਗਾ ਲਈ ਅਲਾਟਮੈਂਟ 86,000 ਕਰੋੜ ਰੁਪਏ 'ਤੇ ਰੁਕੀ ਹੋਈ ਹੈ, ਭਾਵੇਂ ਮੰਗ ਵਧੀ ਹੈ। ਆਮਦਨ ਕਰ ਛੋਟ ਸੀਮਾ ਨੂੰ ਵਧਾ ਕੇ ਰੁਪਏ 12 ਲੱਖ ਨੇ ਲੋਕਾਂ ਦੇ ਇੱਕ ਹਿੱਸੇ ਨੂੰ ਰਾਹਤ ਦਿੱਤੀ ਹੈ, ਪਰ ਮਹਿੰਗਾਈ ਅਤੇ ਜੀ ਐੱਸ ਟੀ ਵਰਗੇ ਅਸਿੱਧੇ ਟੈਕਸਾਂ ਤੋਂ ਪੀੜਤ ਵੱਡੀ ਗਿਣਤੀ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਛੱਡ ਦਿੱਤਾ ਗਿਆ ਹੈ। ਟੈਕਸ ਛੋਟ ਦੀ ਸੀਮਾ ਵਧਾ ਕੇ ਜੋ ਨੁਕਸਾਨ ਹੋਇਆ ਹੈ, ਉਸ ਦੀ ਪੂਰਤੀ ਅਮੀਰ ਵਰਗਾਂ ਅਤੇ ਕਾਰਪੋਰੇਟਾਂ 'ਤੇ ਟੈਕਸ ਦੀਆਂ ਦਰਾਂ ਵਧਾ ਕੇ ਕੀਤੀ ਜਾ ਸਕਦੀ ਸੀ, ਪਰ ਸਰਕਾਰ ਨੇ ਅਜਿਹਾ ਨਾ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਸ ਦੀ ਬਜਾਏ ਕਾਰਪੋਰੇਟ ਸੈਕਟਰ ਅਤੇ ਬਹੁਤ ਅਮੀਰ ਲੋਕਾਂ ਨੂੰ ਬੋਨਸ ਪ੍ਰਦਾਨ ਕੀਤਾ ਹੈ। ਖੱਬੀਆਂ ਪਾਰਟੀਆਂ ਨੇ ਬਜਟ ਦੀਆਂ ਸਾਰੀਆਂ ਲੋਕ ਵਿਰੋਧੀ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ ਹੈ ਅਤੇ ਮੰਗ ਕਰਨ ਦਾ ਸੰਕਲਪ ਲਿਆ ਹੈ ਕਿ ਉਹਨਾਂ ਨੂੰ ਹੇਠਾਂ ਦਿੱਤੇ ਬਦਲਵੇਂ ਪ੍ਰਸਤਾਵਾਂ ਨਾਲ ਤਬਦੀਲ ਕੀਤਾ ਜਾਵੇ, ਜੋ ਲੋਕਾਂ ਦੀ ਖਰੀਦ ਸ਼ਕਤੀ ਨੂੰ ਵਧਾ ਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਉਜਰਤਾਂ ਵਧਾ ਕੇ ਮੰਗ ਪੈਦਾ ਕਰਨ ਵਿੱਚ ਮਦਦ ਕਰ ਸਕਦੇ ਹਨ। ਵਿਕਲਪਕ ਪ੍ਰਸਤਾਵ ਲੋਕਾਂ ਦੇ

● ਬਾਕੀ ਸਫ਼ਾ 2 'ਤੇ

ਡਿਪੋਰਟੀਆਂ ਨਾਲ ਨਰਮੀ ਨਾਲ ਪੇਸ਼ ਆਵਾਂਗੇ : ਡੀ ਜੀ ਪੀ

ਚੰਡੀਗੜ੍ਹ : ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਕਿਹਾ ਹੈ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਨਾਲ ਪੰਜਾਬ ਸਰਕਾਰ ਤੇ ਪੁਲਸ ਨਰਮੀ ਨਾਲ ਪੇਸ਼ ਆਵੇਗੀ ਤੇ ਦੋਸਤਾਨਾ ਰਵੱਈਆ ਰੱਖੇਗੀ ਪਰ ਪੁਲਸ ਵਲੋਂ ਉਨ੍ਹਾਂ ਦਾ ਅਪਰਾਧਕ ਰਿਕਾਰਡ ਜਾਂਚਿਆ ਜਾਵੇਗਾ ਤੇ ਉਸ ਅਨੁਸਾਰ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

ਦੱਸਿਆ ਜਾਂਦਾ ਹੈ ਕਿ ਪੰਜਾਬ ਪੁਲਸ ਨੇ ਅਪਰਾਧਕ ਪਿਛੋਕੜ ਵਾਲੇ ਕਰੀਬ 100 ਲੋੜੀਂਦੇ ਅਪਰਾਧੀਆਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਵਿੱਚੋਂ 20 ਜਣਿਆਂ ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਖ਼ਦਸ਼ਾ ਹੈ। ਪੰਜਾਬ ਪੁਲਸ ਕੋਲ ਹਾਲਾਂਕਿ ਵਾਪਸ ਭਾਰਤ ਭੇਜੇ ਗਏ ਗੈਰਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਸ ਪਰਵਾਸੀਆਂ ਦੀ ਪਛਾਣ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਦੇ ਸੰਬੰਧ ਵਿੱਚ ਵਿਦੇਸ਼ ਅਤੇ ਗ੍ਰਹਿ ਮੰਤਰਾਲਿਆਂ ਦੇ ਨਾਲ-ਨਾਲ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਦੇ ਸੰਪਰਕ ਵਿੱਚ ਹੈ।

ਅਮਰੀਕਾ ਵਿਚ ਮੌਜੂਦ ਲੋੜੀਂਦੇ ਅਪਰਾਧੀਆਂ ਵਿੱਚ ਸਿੱਧੂ ਮੂਸੇਵਾਲਾ ਕਤਲ ਕੇਸ ਦਾ ਮੁਲਜ਼ਮ ਅਨਮੋਲ ਬਿਸ਼ਨੋਈ, ਪੰਜਾਬ ਦੇ ਪੁਲਸ ਥਾਣਿਆਂ 'ਤੇ ਗ੍ਰੇਨੇਡ ਹਮਲਿਆਂ ਵਿੱਚ ਸ਼ਾਮਲ ਹੈਪੀ ਪਾਸੀਆ, ਨਸ਼ਾ ਤਸਕਰ ਸਰਵਣ ਭੋਲਾ ਤੇ ਗੋਪੀ ਨਵਾਸ਼ਹਿਰੀਆ ਆਦਿ ਸ਼ਾਮਲ ਹਨ। ਅਨਮੋਲ ਬਿਸ਼ਨੋਈ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਛੋਟਾ ਭਰਾ ਹੈ।

ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ—ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਗੈਰਕਾਨੂੰਨੀ ਪ੍ਰਵਾਸੀਆਂ ਵਿਚ ਖ਼ਤਰਨਾਕ ਅਪਰਾਧੀ ਸ਼ਾਮਲ ਹੋਣ, ਜੋ ਪੰਜਾਬ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਲੋੜੀਂਦੇ ਹਨ। ਪਰ ਜਦੋਂ ਤੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਗੈਰਕਾਨੂੰਨੀ ਪਰਵਾਸੀਆਂ ਤੇ ਅਪਰਾਧੀਆਂ ਖਿਲਾਫ਼ ਕਾਰਵਾਈ ਦੇ ਹੁਕਮ ਦਿੱਤੇ ਹਨ, ਅਸੀਂ ਅਪਰਾਧੀਆਂ ਦੀ ਹਵਾਲਗੀ ਤੇ ਵਤਨ ਵਾਪਸੀ ਲਈ ਕੰਮ ਕਰ ਰਹੇ ਹਾਂ। ਕਾਊਂਟਰ ਇੰਟੈਲੀਜੈਂਸ ਯੂਨਿਟ, ਐਂਟੀ-ਨਾਰਕੋਟਿਕਸ ਟਾਸਕ ਫੋਰਸ ਤੇ ਐਂਟੀ-ਗੈਂਗਸਟਰ ਟਾਸਕ ਫੋਰਸ ਵੱਲੋਂ ਕਰੀਬ 100 ਅਪਰਾਧੀਆਂ ਦੀ ਕੇਸ ਹਿਸਟਰੀ ਨੂੰ ਅੰਤਮ ਰੂਪ ਦਿੱਤਾ ਗਿਆ

● ਬਾਕੀ ਸਫ਼ਾ 2 'ਤੇ

ਕੁੰਭ 'ਚ ਲਾਸ਼ਾਂ ਜੇ ਸੀ ਬੀ ਨਾਲ ਟਰਾਲੀਆਂ 'ਚ ਸੁੱਟ ਕੇ ਗਾਇਬ ਕਰ'ਤੀਆਂ : ਅਖਿਲੇਸ਼

ਨਵੀਂ ਦਿੱਲੀ : ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਮੰਗਲਵਾਰ ਕੇਂਦਰ ਤੇ ਯੂਪੀ ਸਰਕਾਰ 'ਤੇ ਪ੍ਰਯਾਗਰਾਜ ਮਹਾਂਕੁੰਭ ਵਿੱਚ ਮਚੀ ਭਗਦੜ ਦੌਰਾਨ ਮਾਰੇ ਗਏ ਲੋਕਾਂ ਦੇ ਅੰਕੜੇ ਲੁਕਾਉਣ ਦਾ ਦੋਸ਼ ਲਗਾਉਂਦਿਆਂ ਮੰਗ ਕੀਤੀ ਕਿ ਮਹਾਂਕੁੰਭ ਦੇ ਪ੍ਰਬੰਧਾਂ ਬਾਰੇ ਸਪੱਸ਼ਟੀਕਰਨ ਲਈ ਸਰਬ ਪਾਰਟੀ ਬੈਠਕ ਸੱਦੀ ਜਾਵੇ। ਯਾਦਵ ਨੇ ਕਿਹਾ ਕਿ ਮਹਾਂਕੁੰਭ ਵਿਚ ਪ੍ਰਬੰਧਾਂ ਦਾ ਕੰਮ ਫੌਜ ਦੇ ਹਵਾਲੇ ਕੀਤਾ ਜਾਵੇ। ਯਾਦਵ ਨੇ ਕਿਹਾ ਕਿ ਸਰਕਾਰ ਮ੍ਰਿਤਕਾਂ ਦੀ ਗਿਣਤੀ ਲੁਕਾ ਰਹੀ ਹੈ ਤੇ ਭਗਦੜ ਵਿਚ ਮੌਤ ਦੇ ਮੂੰਹ ਪਏ ਲੋਕਾਂ ਦੀਆਂ ਲਾਸ਼ਾਂ ਜੇ ਸੀ ਬੀ ਮਸ਼ੀਨਾਂ ਨਾਲ ਟਰੈਕਟਰ-ਟਰਾਲੀਆਂ ਵਿੱਚ ਭਰ ਕੇ ਗਾਇਬ ਕਰ ਦਿੱਤੀਆਂ ਗਈਆਂ। ਉਨ੍ਹਾ ਕਿਹਾ ਕਿ ਲੋਕ ਮਹਾਂਕੁੰਭ ਵਿਚ ਪੁੰਨ ਖੱਟਣ ਲਈ ਆਏ ਸਨ, ਪਰ ਆਪਣੇ

5-FEB-PAGE-1.qxd 2/4/2025 10:41 PM Page 2

ਚਰਨਜੀਤ ਥੋਪੀਆ ਸਰਬਸੰਮਤੀ ਨਾਲ ਮੁੜ ਚੇਅਰਮੈਨ ਬਣੇ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਸਮਾਜ ਸੇਵੀ ਕਾਰਜਾਂ 'ਚ ਜੁਟੀ ਸਵਾਮੀ ਗੰਗਾ ਨੰਦ ਭੂਰੀ ਵਾਲੇ ਸੇਵਾ ਸੰਮਤੀ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਰਾਜਦੀਪ ਸਿੰਘ ਅਲਬੇਲਾ ਨੇ ਦੱਸਿਆ ਕਿ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਸਰਬਸੰਮਤੀ ਨਾਲ ਚਰਨਜੀਤ ਸਿੰਘ ਥੋਪੀਆ ਨੂੰ ਮੁੜ ਚੇਅਰਮੈਨ ਚੁਣ ਲਿਆ ਗਿਆ।ਇਸ ਤੋਂ ਇਲਾਵਾ ਵਾਈਸ ਚੇਅਰਮੈਨ ਵਿਜੈ ਕੁਮਾਰ ਚੌਧਰੀ ਤੇ ਕੇਵਲ ਕ੍ਰਿਸ਼ਨ, ਆਰ ਐੱਸ ਹੀਰਾ ਪ੍ਰਧਾਨ, ਸੀਨੀਅਰ ਵਾਈਸ ਪ੍ਰਧਾਨ ਬਲਵੀਰ ਸਿੰਘ ਕੁਹਾੜਾ, ਵਾਈਸ ਪ੍ਰਧਾਨ ਗੁਰਚਰਨ ਸਿੰਘ, ਜਨਰਲ ਸਕੱਤਰ ਪ੍ਰੇਮ ਸਿੰਘ ਰਜੂਲ, ਜੁਆਇੰਟ ਸਕੱਤਰ ਸੰਜੇ ਜੈਨ ਤੇ ਰਾਮਪਾਲ ਠੇਕੇਦਾਰ, ਕੈਸ਼ੀਅਰ ਅਸ਼ੋਕ ਕੁਮਾਰ ਖੁਰਾਣਾ, ਜੁਆਇੰਟ ਕੈਸ਼ੀਅਰ ਲਖਵੀਰ ਸਿੰਘ ਨਿਯੁਕਤ ਕੀਤਾ ਗਿਆ।ਮੀਟਿੰਗ ਦੌਰਾਨ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਤੋਂ ਇਲਾਵਾ ਪਿੰਡਾਂ 'ਚ ਸੰਸਥਾ ਵੱਲੋਂ ਕਮੇਟੀਆਂ ਬਣਾਈਆਂ ਜਾਣਗੀਆਂ, ਜਿਨ੍ਹਾਂ ਵੱਲੋਂ ਪਿੰਡ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾਵੇਗਾ।

ਡਾ. ਹਰਜੋਤ ਕਮਲ ਨੇ ਕੇਂਦਰ ਸਰਕਾਰ ਦੇ ਬਜਟ ਦੀ ਕੀਤੀ ਸ਼ਲਾਘਾ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਜਪਾ ਦੇ ਸੂਬਾ ਸਕੱਤਰ ਤੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਨੇ ਕੇਂਦਰ ਸਰਕਾਰ ਦੇ ਵਿੱਤ ਮੰਤਰੀ ਸੀਤਾਰਮਨ ਦੇ ਬਜਟ ਦੀ ਸ਼ਲਾਘਾ ਕੀਤੀ ਹੈ ਅਤੇ ਕਿਹਾ ਹੈ ਕਿ ਵਿੱਤ ਮੰਤਰੀ ਸੀਤਾਰਮਨ ਨੇ ਮੱਧ ਵਰਗ ਨੂੰ ਟੈਕਸ ਵਿੱਚ ਵੱਡੀ ਰਾਹਤ ਦੇ ਕੇ ਦਹਾਕਿਆਂ ਪੁਰਾਣੀ ਮੰਗ ਨੂੰ ਪੂਰਾ ਕੀਤਾ ਹੈ।ਇਸ ਬਜਟ ਪ੍ਰਬੰਧ ਦੇ ਐਲਾਨ 'ਤੇ ਸਭ ਤੋਂ ਵੱਧ ਤਾੜੀਆਂ ਵਜਾਈਆਂ ਗਈਆਂ।ਭਾਜਪਾ ਨੇਤਾ ਡਾ. ਹਰਜੋਤ ਕਮਲ ਨੇ ਕਿਹਾ ਕਿ ਮੱਧ ਵਰਗ ਹਮੇਸ਼ਾ ਸ਼ਿਕਾਇਤ ਕਰਦਾ ਸੀ ਕਿ ਉਸ ਨੂੰ ਕਦੇ ਕੁਝ ਨਹੀਂ ਮਿਲਦਾ, ਪਰ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਵਿੱਤ ਮੰਤਰੀ ਸੀਤਾਰਮਨ ਨੇ ਸਾਬਿਤ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਵੀ ਕਹਿੰਦੇ ਹਨ, ਉਸ ਨੂੰ ਪੂਰਾ ਕਰਨਾ ਵੀ ਸੰਭਵ ਹੈ।ਡਾ. ਹਰਜੋਤ ਕਮਲ ਨੇ ਕਿਹਾ ਕਿ ਇਹ ਇੱਕ ਅਜਿਹਾ ਬਜਟ ਹੈ, ਜਿਸ ਨੂੰ ਗਰੀਬ ਵਰਗ ਵੀ ਆਪਣਾ ਦੱਸ ਰਿਹਾ ਹੈ, ਮੱਧ ਵਰਗ ਵੀ ਕਹਿੰਦਾ ਹੈ ਕਿ ਬਜਟ ਉਨ੍ਹਾਂ ਦਾ ਹੈ ਤੇ ਦੇਸ਼ ਦਾ ਉੱਚ ਵਰਗ ਵੀ ਇਸ ਤੋਂ ਖੁਸ਼ ਹੈ।ਉਨ੍ਹਾ ਕਿਹਾ ਕਿ ਸੈਰ-ਸਪਾਟੇ ਲਈ ਢੁੱਕਵਾਂ ਬਜਟ ਪ੍ਰਬੰਧ ਕੀਤਾ ਗਿਆ ਹੈ ਤੇ ਪੰਜਾਬ ਨੂੰ ਇਸ ਦਾ ਫਾਇਦਾ ਹੋਵੇਗਾ।

ਖੂਨ ਦਾਨ ਕੈਂਪ 'ਚ 100 ਤੋਂ ਵੱਧ ਯੂਨਿਟ ਇਕੱਤਰ

ਲੁਧਿਆਣਾ (ਰਾਜ ਸਿੰਗਲਾ)-ਸਮਾਜ ਸੇਵੀ ਰਵੀ ਵਰਮਾ ਦੇ ਮਾਤਾ ਸਵਰਗੀ ਮੰਜੂ ਵਰਮਾ ਦੀ ਯਾਦ ਵਿੱਚ ਪਹਿਲਾ ਅੱਖਾਂ ਦਾ ਫਰੀ ਚੈੱਕਅੱਪ ਅਤੇ ਖੂਨ ਦਾਨ ਕੈਂਪ ਗੁਰਦੁਆਰਾ ਸਿੰਘ ਸਭਾ ਨੂਰਵਾਲਾ ਰੋਡ ਲੁਧਿਆਣਾ ਵਿਖੇ ਲਗਵਾਇਆ ਗਿਆ। ਇਸ ਕੈਂਪ ਅੰਦਰ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਟੀਮ ਨੇ ਭਾਗ ਲਿਆ। ਖੂਨ ਦਾਨ ਮਰਲ ਲਈ ਸੈਂਕੜੇ ਨੌਜਵਾਨ ਪਹੁੰਚੇ ਅਤੇ ਖੂਨ ਇਕੱਤਰ ਕਰਨ ਲਈ ਮੌਜੂਦ ਟੀਮ ਪਾਸ ਬੈਗਾਂ ਦੀ ਗਿਣਤੀ ਘੱਟ ਪੈ ਗਈ।ਕਾਫੀ ਨੌਜਵਾਨਾਂ ਨੂੰ ਬਿਨਾਂ ਹੀ ਖੂਨਦਾਨ ਕੀਤਿਆਂ ਵਾਪਸ ਜਾਣਾ ਪਿਆ।ਅੱਖਾਂ ਦੇ ਚੈੱਕ ਅੱਪ ਦੌਰਾਨ 200 ਤੋਂ ਵੱਧ ਅੱਖਾਂ ਦੇ ਮਰੀਜਾਂ ਦੀਆਂ ਅੱਖਾਂ ਦਾ ਚੈੱਕ ਅਪ ਅੱਖਾਂ ਦੇ ਮਾਹਿਰ ਡਾਕਟਰਾਂ ਵੱਲੋਂ ਕੀਤਾ ਗਿਆ। ਕੈਂਪ ਦੇ ਮੁੱਖ ਸੇਵਾਦਾਰ ਮੋਨੂੰ ਅਤੇ ਕਪੂਰ ਮਨੀ ਚੌਧਰੀ ਨੇ ਦੱਸਿਆ ਕਿ ਮਾਤਾ ਜੀ ਦੀ ਯਾਦ ਵਿੱਚ ਇਹ ਪਹਿਲਾ ਕੈਂਪ ਲਗਾਇਆ ਗਿਆ, ਜਿਸ ਵਿੱਚ ਨੌਜਵਾਨਾਂ 'ਚ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਸਰਦਾਰ ਜਗਦੀਪ ਸਿੰਘ ,ਰਜਿੰਦਰ ਸੱਭਰਵਾਲ, ਇੰਕਲਜੀਤ ਸਿੰਘ, ਸੁਰਿੰਦਰ ਸਿੰਘ, ਗੁਰਪ੍ਰੀਤ ਸਿੰਘ ਨੀਲ ਫੈਮਲੀ ਫਾਉਂਡੇਸ਼ਨ ਦੇ ਵੀਰਾਂ ਨੇ ਆਪਣਾ ਯੋਗਦਾਨ ਪਾ ਕੇ ਕੈਂਪ ਨੂੰ ਸਫਲ ਬਣਾਇਆ।

ਦਿੱਲੀ ਵਿਧਾਨ ਸਭਾ ਚੋਣਾਂ 'ਚ 'ਆਪ' ਜਿੱਤ ਪ੍ਰਾਪਤ ਕਰੇਗੀ : ਦੇਵ ਮਾਨ

ਨਾਭਾ (ਵਰਿੰਦਰ ਵਰਮਾ)-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਵਿਧਾਨ ਸਭਾ ਦੀਆਂ ਦਿੱਲੀ ਵਿੱਚ ਹੋ ਰਹੀਆਂ ਚੋਣਾਂ ਵਿੱਚ ਆਪ ਪਾਰਟੀ ਬੜੀ ਸ਼ਾਨ ਨਾਲ ਜਿੱਤ ਪ੍ਰਾਪਤ ਕਰੇਗੀ।ਇਹਨਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਜਨਕਪੁਰੀ ਵਿਖੇ ਆਪ ਉਮੀਦਵਾਰ ਪ੍ਰਵੀਨ ਕੁਮਾਰ ਜੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਉਪਰੰਤ ਕੀਤਾ।ਉਹਨਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ, ਜਿਨ੍ਹਾਂ ਨੂੰ ਦੇਖਦੇ ਹੋਏ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਇੱਕ ਵਾਰ ਫੇਰ ਜਿੱਤ ਪ੍ਰਾਪਤ ਕਰੇਗੀ।ਚੋਣ ਨਤੀਜਿਆਂ ਤੋਂ ਬਾਅਦ ਵਿਰੋਧੀ ਪਾਰਟੀਆਂ ਦੇ ਭੁਲੇਖੇ ਦੂਰ ਹੋ ਜਾਣਗੇ, ਜੋ ਆਪਣੀ ਆਪਣੀ ਜਿੱਤ ਦਾ ਦਾਅਵਾ ਕਰ ਰਹੀਆਂ ਹਨ।ਦੇਵ ਮਾਨ ਨੇ ਦਿੱਲੀ ਵਾਸੀਆਂ ਨੂੰ ਅਪੀਲ ਕੀਤੀ ਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਇੱਕ ਵਾਰ ਫਿਰ ਸਰਕਾਰ ਬਣਾਈ ਜਾਵੇ ਤਾਂ ਕਿ ਦਿੱਲੀ ਦਾ ਹੋਰ ਵੀ ਵਿਕਾਸ ਹੋ ਸਕੇ।ਇਸ ਮੌਕੇ ਮਾਨਟੂ ਪਾਹੂਜਾ, ਤੇਜਿੰਦਰ ਖਹਿਰਾ, ਪੰਕਜ ਪੱਪੂ, ਜਸਵੀਰ ਸਿੰਘ ਛਿੰਦਾ, ਭੁਪਿੰਦਰ ਸਿੰਘ ਕਲਰਮਾਜਰੀ ਹਰਮੇਸ਼ ਮੇਸ਼ੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਅਤੇ ਆਗੂ ਹਾਜ਼ਰ ਸਨ।

ਕਲਿਆਣ 'ਚ 5 ਰੋਜ਼ਾ ਸ਼ਹੀਦੀ ਸਮਾਗਮ ਆਰੰਭ

ਮਾਲੇਰਕੋਟਲਾ (ਅਸਗਰ ਪਰਿਹਾਰ)-ਗੁਰਚਰਨ ਸਿੰਘ ਸੌਂਦ ਇੰਗਲੈਂਡ ਤੇ ਕਰਨੈਲ ਸਿੰਘ ਸੌਂਦ ਡੈਨਮਾਰਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰਬੰਧਕ ਕਮੇਟੀ ਤੇ ਜਥੇਦਾਰ ਕਿਰਪਾਲ ਸਿੰਘ ਪੰਨੂ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਸ਼ਹੀਦ ਗੰਜ ਅਸਥਾਨ ਸ਼ਹੀਦ ਜਥੇਦਾਰ ਬਾਬਾ ਜਿਊਣ ਸਿੰਘ ਸੌਂਦ ਪਿੰਡ ਕਲਿਆਣ ਵਿਖੇ ਸਮੂਹ ਸ਼ਹੀਦ ਸਿੰਘ ਸਿੰਘਣੀਆਂ ਵੱਡਾ ਘੱਲੂਘਾਰਾ ਦੀ ਪਵਿੱਤਰ ਯਾਦ 'ਚ 5 ਰੋਜ਼ਾ ਗੁਰਮਤਿ ਸਮਾਗਮ ਆਰੰਭ ਕੀਤੇ ਗਏ। ਸਵੇਰੇ 10 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਸ੍ਰੀ ਆਖੰਡ ਪਾਠ ਸਾਹਿਬ ਗੁਰਚਰਨ ਸਿੰਘ ਸੌਂਦ ਪਰਵਾਰ ਵੱਲੋਂ ਰਖਵਾਏ ਗਏ।ਗੁਰਵਿੰਦਰਜੀਤ ਸਿੰਘ ਭੁੱਲਰ ਫਰੀਦਕੋਟ, ਚਰਨਦਾਸ ਸੌਂਦ ਮਾਲੇਰਕੋਟਲਾ ਪਰਵਾਰ ਵੱਲੋਂ ਸੋਮਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਾਏ ਜਾਣਗੇ।5 ਰੋਜ਼ਾ ਸ਼ਹੀਦੀ ਜੋੜ ਮੇਲੇ ਦਾ ਮੁੱਖ ਸਮਾਗਮ 5 ਫਰਵਰੀ ਨੂੰ ਹੋਵੇਗਾ।5 ਫਰਵਰੀ ਨੂੰ ਫ੍ਰੀ ਮੈਡੀਕਲ ਕੈਂਪ ਡਾ. ਰਣਜੀਤ ਸਿੰਘ ਤੇ ਡਾ. ਮਨਜਿੰਦਰ ਕੌਰ ਵੱਲੋਂ ਲਾਇਆ ਜਾਵੇਗਾ।ਸਮਾਗਮ 'ਚ ਭਾਈ ਸੁਖਵੀਰ ਸਿੰਘ ਫਲੌਂਡ, ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਚਰਨਪ੍ਰੀਤ ਸਿੰਘ ਮਾਹੋਰਾਣਾ, ਕੀਰਤਨੀ ਜਥਾ ਭਾਈ ਗੁਰਸੇਵਕ ਸਿੰਘ ਸੰਦੋੜ, ਬੀਬੀ ਹਰਮੀਤ ਕੌਰ ਲੁਧਿਆਣਾ ਪਹੁੰਚ ਰਹੇ ਹਨ।

ਬਜਟ ਦੇ ਸੋਹਲੇ ਗਾਉਣ ਵਾਲੇ ਦੱਸਣ ਕਿ ਦਲਿਤ, ਪੱਛੜੇ, ਕਿਸਾਨ, ਮਜ਼ਦੂਰ ਤੇ ਮੱਧ ਵਰਗ ਲਈ ਕੀ ਹੈ : ਚੱਠਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਆਮ ਆਦਮੀ ਪਾਰਟੀ ਦੇ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਸਿਆਸੀ ਬਜਟ ਆਖਦਿਆਂ ਇਸਦੇ ਸੋਹਲੇ ਗਾਉਣ ਵਾਲਿਆਂ ਨੂੰ ਸਵਾਲ ਖੜੇ ਕੀਤੇ।ਉਨ੍ਹਾਂ ਸੋਹਲੇ ਗਾਉਣ ਵਾਲਿਆ ਨੂੰ ਸਵਾਲ ਕੀਤਾ ਕਿ ਉਹ ਦੱਸਣ ਇਸ ਵਿੱਚ ਪੰਜਾਬ, ਦਲਿਤ, ਪਿਛੜੇ, ਕਿਸਾਨ, ਮਜਦੂਰ ਤੇ ਮੱਧਵਰਗ ਲਈ ਕੀ ਹੈ।ਉਨ੍ਹਾਂ ਕਿਹਾ ਕਿ ਗਰੀਬ, ਦਲਿਤਾਂ ਤੇ ਪਿਛੜਿਆਂ ਲਈ ਇਸ ਸਰਕਾਰ ਨੇ ਨਾ ਕੁਝ ਪਹਿਲਾਂ ਕੀਤਾ ਤੇ ਨਾ ਏਨਾ ਬਾਰੇ ਕੁਝ ਹੁਣ ਸੋਚਿਆ।ਕੇਂਦਰ ਸਰਕਾਰ ਇਨ੍ਹਾਂ ਨੂੰ ਹੋਰ ਗਰੀਬ ਕਰਕੇ ਮਾਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਲੰਬੇ ਸਮੇਂ ਤੋਂ ਆਪਣੀਆਂ ਜਾਇਜ਼ ਮੰਗਾਂ ਲਈ ਧਰਨੇ ਮੁਜਾਹਰੇ ਕਰ ਰਹੇ ਹਨ, ਪਰ ਨਾ ਤਾਂ ਉਨ੍ਹਾਂ ਦੀ ਐਮ ਐਸ ਪੀ ਦੀ ਮੰਗ ਮੰਨੀ ਗਈ ਤੇ ਨਾ ਹੀ ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਮੁਆਫ਼ੀ ਦੀ ਕੋਈ ਗੱਲ ਹੋਈ ਹੈ, ਉਲਟਾ ਉਨ੍ਹਾਂ ਨੂੰ ਹੋਰ ਕਰਜ਼ਦਾਰ ਬਣਾਉਣ ਲਈ ਉਨ੍ਹਾਂ ਦੀ ਕਰਜ਼ ਸੀਮਾ ਵਧਾ ਦਿੱਤੀ ਗਈ।ਜੇਕਰ ਕਿਸਾਨ ਨੂੰ ਕੁਝ ਨਹੀਂ ਦਿੱਤਾ ਤਾਂ ਖੇਤ ਮਜ਼ਦੂਰ ਜਿੰਨਾ ਵਿੱਚ ਬਹੁ ਗਿਣਤੀ ਦਲਿਤ ਤੇ ਪਛੜੇ ਵਰਗ ਦੇ ਲੋਕ ਹਨ, ਨੂੰ ਕੀ ਮਿਲਣਾ ਸੀ, ਇਹ ਜਨਤਾ ਜਾਣਦੀ ਹੈ।ਉਨ੍ਹਾਂ ਕਿਹਾ ਕਿ ਲੁਭਾਵਣਾ ਬਜਟ ਦਿੱਲੀ ਸਮੇਤ ਉਨ੍ਹਾਂ ਹੋਰ ਸੂਬਿਆਂ ਦੀਆਂ ਚੋਣਾਂ ਨੂੰ ਦੇਖ ਕੇ ਬਣਾਇਆ ਗਿਆ ਹੈ ਤਾਂ ਜੁ ਲੋਕਾਂ ਨੂੰ ਸਬਜ਼ਬਾਗ਼ ਦਿਖਾ ਕੇ ਉਨ੍ਹਾਂ ਦੀਆਂ ਵੋਟਾਂ ਲੁੱਟੀਆਂ ਜਾਣ ਤੇ ਸਰਕਾਰ ਬਣਾ ਕੇ ਮਨਮਰਜ਼ੀਆਂ ਕੀਤੀਆਂ ਜਾਣ।ਚੱਠਾ ਨੇ ਲੋਕਾਂ ਨੂੰ ਕੇਂਦਰ ਸਰਕਾਰ ਤੇ ਭਾਜਪਾ ਤੋਂ ਸਾਵਧਾਨ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਬਜਟ ਕਾਰਪੋਰੇਟ ਘਰਾਣਿਆਂ ਨੂੰ ਲਾਭ ਪੁਚਾਉਣ ਤੋਂ ਸਿਵਾਏ ਹੋਰ ਕੁਝ ਨਹੀਂ, ਜਿਸਦੀ ਪੋਲ ਆਮ ਆਦਮੀ ਪਾਰਟੀ ਜਨਤਾ 'ਚ ਜਾ ਕੇ ਖੋਲ੍ਹੇਗੀ।

ਐੱਮ ਐੱਲ ਡੀ ਸੀਨੀਅਰ ਸੈਕੰਡਰੀ ਸਕੂਲ 'ਚ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ

ਜਗਰਾਉਂ (ਸੰਜੀਵ ਅਰੋੜਾ)

ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਅੱਠਵਾਂ ਵਿਦਿਆਰਥੀ ਸਨਮਾਨ ਸਮਾਰੋਹ ਐੱਮ. ਐੱਲ. ਡੀ. ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਕਲਾਂ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਵਿੱਚ ਰੁਚੀ ਪੈਦਾ ਕਰਨ ਲਈ ਵਿਚਾਰ-ਵਿਟਾਂਦਰਾ ਕੀਤਾ ਗਿਆ। ਸਮਾਗਮ ਵਿੱਚ ਉੱਘੇ ਨਾਵਲਕਾਰ ਮਿੱਤਰ ਸੈਨ ਮੀਤ, ਬਾਲ ਲੇਖਕ ਅਮਰੀਕ ਸਿੰਘ ਤਲਵੰਡੀ, ਜਸਵਿੰਦਰ ਸਿੰਘ ਗਰਚਾ ਕੈਨੇਡਾ, ਦਵਿੰਦਰ ਸਿੰਘ ਸੇਖਾ, ਸੁਖਜਿੰਦਰ ਪਾਲ ਸਿੰਘ, ਸੁਭਾਸ਼ ਸਲਵ੍ਹੇ, ਪਲਵਿੰਦਰ ਸਿੰਘ ਅਤੇ ਅਮਰਜੀਤ ਸਿੰਘ ਮੋਹੀ ਸ਼ਾਮਲ ਹੋਏ। ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਸਾਹਿਤ ਸਿਰਜਣਾ ਸੁਖਮਨਦੀਪ ਕੌਰ, ਸ਼ੁੱਧ ਉਚਾਰਣ ਤੇਜਵੀਰ ਕੌਰ, ਗਾਇਨ ਈਸ਼ਵਰਪਾਲ ਸਿੰਘ, ਸੁੰਦਰ ਲਿਖਾਈ ਗੁਰਸ਼ੀਨ ਕੌਰ, ਕਲਾ ਗੁਰਪ੍ਰੀਤ ਸਿੰਘ, ਆਰਟ ਮਹਿਕਪ੍ਰੀਤ ਕੌਰ ਨੂੰ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ, ਜਸਵਿੰਦਰ ਸਿੰਘ ਗਰਚਾ ਕੈਨੇਡਾ, ਦਵਿੰਦਰ ਸਿੰਘ ਸੇਖਾ ਅਤੇ ਸੁਖਜਿੰਦਰ ਪਾਲ ਸਿੰਘ ਨੇ ਸਕੂਲ ਬੈਂਗਾਂ, ਉੱਤਮ ਪੁਸਤਕਾਂ, ਪੈਂਤੀ ਅੱਖਰੀ ਕਲਿੱਪ ਬੋਰਡਾਂ ਤੇ ਪ੍ਰਮਾਣ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਕਲਾਵਾਂ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ। ਉੱਘੇ ਨਾਵਲਕਾਰ ਮਿੱਤਰ ਸੈਨ ਮੀਤ ਨੇ ਕਿਹਾ ਕਿ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਅਣਥੱਕ ਯਤਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ ਤੌਰ 'ਤੇ ਪੰਜਾਬੀ ਨੂੰ ਅਦਾਲਤੀ ਭਾਸ਼ਾ ਬਣਾਉਣ ਅਪਣਾਉਣ ਲਈ ਕੋਸ਼ਿਸ਼ਾਂ ਕਰ ਰਿਹਾ ਹਾਂ। ਪੰਜਾਬ ਵਿੱਚ ਬਿਜਲੀ ਦੇ ਬਿੱਲ ਪੰਜਾਬੀ ਵਿੱਚ ਆਉਣੇ ਸ਼ੁਰੂ ਹੋ ਗਏ ਹਨ। ਅਸੀਂ ਕਨੂੰਨੀ ਦਾਇਰੇ ਵਿੱਚ ਰਹਿ ਕੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਅਹਿਮ ਕੋਸ਼ਿਸ਼ਾਂ ਕਰ ਰਹੇ ਹਾਂ। ਸਾਡੀ ਸੰਸਥਾ ਵਿਦਿਆਰਥੀਆਂ ਨੂੰ ਆਪਣੀ ਭਾਸ਼ਾ ਦੀ ਮਹਾਨਤਾ ਪ੍ਰਤੀ ਜਾਗਰੂਕ ਕਰ ਰਹੀ ਹੈ। ਜਸਵਿੰਦਰ ਸਿੰਘ ਗਰਚਾ ਨੇ ਬੋਲਦਿਆ ਕਿਹਾ ਕਿ ਸੱਤ ਸਮੁੰਦਰੋਂ ਪਾਰ ਵੀ ਪੰਜਾਬੀ ਦਾ ਬੋਲ ਬਾਲਾ ਹੈ। ਹੁਣ ਕੈਨੇਡਾ-ਅਮਰੀਕਾ ਵਿੱਚ ਵੀ ਕੰਮ ਪੰਜਾਬੀ ਦੀ ਜਾਣਕਾਰੀ ਰੱਖਣ ਵਾਲੇ ਨੌਜੁਆਨਾਂ ਨੂੰ ਵਧੇਰੇ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬ ਵਿੱਚ ਲੱਗਣ ਵਾਲੇ ਬੋਰਡਾਂ ਉੱਪਰ ਪਹਿਲਾਂ ਪੰਜਾਬੀ ਹੋਣੀ ਚਾਹੀਦੀ ਹੈ। ਇਸ ਮੌਕੇ ਬਾਲ ਲੇਖਕ ਸ਼੍ਰੋਮਣੀ ਸਾਹਿਤਕਾਰ ਸਟੇਟ ਅਤੇ ਨੈਸ਼ਨਲ ਐਵਾਰਡੀ ਅਧਿਆਪਕ ਅਮਰੀਕ ਸਿੰਘ ਤਲਵੰਡੀ ਦਾ ਐੱਮ. ਐੱਲ. ਡੀ. ਸਕੂਲ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਅਮਰੀਕ ਸਿੰਘ ਤਲਵੰਡੀ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਸਮਾਗਮ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਅੰਗਰੇਜ਼ੀ ਕੋਲ ਕੇਵਲ ਦੋ ਲੱਖ ਸ਼ਬਦ ਹਨ, ਜਦਕਿ ਪੰਜਾਬ

5-Feb-PAGE-3.qxd 2/4/2025 11:04 PM Page 1

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਆਗੂ ਚੁਤਾਲਾ ਵੱਲੋਂ ਸੰਘਰਸ਼ਾਂ ਲਈ ਲਾਮਬੰਦੀ ਮੀਟਿੰਗਾਂ ਜਾਰੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੀ ਜ਼ੋਨ ਪੱਧਰੀ ਮੀਟਿੰਗ ਪਿੰਡ ਸਰਸਪੁਰ ਵਿੱਚ ਜ਼ੋਨ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲਕ ਤੇ ਕੋਰ ਕਮੇਟੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ, ਜ਼ੋਨ ਮਸਤੂ ਦੇ ਸਕੱਤਰ ਕੁਲਜੀਤ ਸਿੰਘ ਅਤੇ ਜ਼ੋਨ ਪ੍ਰਧਾਨ ਬੀਬੀ ਸੁਖਦੇਵ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਜ਼ੋਨ ਦੇ 15 ਪਿੰਡਾਂ ਦੀਆਂ ਕਿਸਾਨ ਮਜ਼ਦੂਰ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ। ਮੀਟਿੰਗ ਦੌਰਾਨ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਨੇ ਕਿਸਾਨ ਮਜ਼ਦੂਰਾਂ ਦੀ ਹੱਕੀ ਮੰਗਾਂ ਦੇ ਵੱਖ ਵੱਖ ਬਾਰਡਰਾਂ 'ਤੇ ਚੱਲ ਰਹੇ ਸੰਘਰਸ਼ਾਂ ਲਈ ਲਾਮਬੰਦ ਕੀਤਾ। ਉਨ੍ਹਾਂ ਕਿਹਾ ਮੰਗਾਂ ਦੀ ਪ੍ਰਾਪਤੀ ਲਈ ਮੁੜ ਸ਼ੁਰੂ ਕਿਸਾਨੀ ਅੰਦੋਲਨ 2 ਤਹਿਤ ਸ਼ੰਭੂ, ਖਨੌਰੀ ਅਤੇ ਰਤਨਪੁਰਾ ਰਾਜਸਥਾਨ ਬਾਰਡਰਾਂ 'ਤੇ ਚੱਲ ਰਹੇ ਸੰਘਰਸ਼ਾਂ ਨੂੰ 13 ਫਰਵਰੀ ਨੂੰ ਇਕ ਸਾਲ ਪੂਰਾ ਹੋਣ ਵਾਲਾ ਹੈ ਪਰ ਪ੍ਰਧਾਨ ਮੰਤਰੀ ਮੋਦੀ ਦੀ ਕੇਂਦਰ ਸਰਕਾਰ ਕਿਸਾਨੀ ਮੰਗਾਂ ਨੂੰ ਪੂਰਤੀ ਦੀ ਬਜਾਏ ਅਜੇ ਤੱਕ ਕਾਰਪੋਰੇਟ ਘਰਾਣਿਆਂ ਪੱਖੀ ਨੀਤੀ ਉਪਰ ਚੱਲ ਰਹੀ ਹੈ। ਸੂਬਾ ਆਗੂ ਚੁਤਾਲਾ ਨੇ ਕਿਹਾ ਕਿ ਸੰਘਰਸ਼ ਹੋਰ ਤੇਜ਼ ਕਰਨ ਲਈ ਜ਼ੋਨ ਪੱਧਰ ਲਾਮਬੰਦੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਜਥੇਬੰਦੀ ਵਲੋਂ ਕਿਸਾਨ ਮਜ਼ਦੂਰਾਂ ਦੇ ਬਣੇ ਜ਼ੋਨਾਂ ਦੇ ਨਾਲ ਹੁਣ ਬੀਬੀਆਂ ਦੀਆਂ ਜ਼ੋਨ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਇਸ ਮੌਕੇ ਜ਼ੋਨ ਬੁਰਜ ਸਾਹਿਬ ਦੇ ਨਾਲ 15 ਪਿੰਡਾਂ ਦੀਆਂ ਬੀਬੀਆਂ ਦੀ ਜ਼ੋਨ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਜ਼ੋਨ ਪ੍ਰਧਾਨ ਬੀਬੀ ਪਰਮਜੀਤ ਕੌਰ ਲੋਦੀਪੁਰ, ਸਕੱਤਰ ਬੀਬੀ ਨਿਰਮਲ ਕੌਰ ਗਿੱਲਮੰਜ, ਪ੍ਰੈੱਸ ਸਕੱਤਰ ਪਿੰਕੀ ਕਲਿਆਣਪੁਰ, ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਕੌਰ ਬੱਬਰੀ,ਮੀਤ ਪ੍ਰਧਾਨ ਬਲਵਿੰਦਰ ਕੌਰ ਧਾਰੀਵਾਲ ਕਲਾਂ, ਜੱਥੇਬੰਦਕ ਸਕੱਤਰ ਰਾਜਬੀਰ ਕੌਰ ਤਿੱਬੜ ਅਤੇ ਪ੍ਰਚਾਰ ਸਕੱਤਰ ਹਰਦੀਪ ਕੌਰ ਖੁੰਡਾ ਚੁਣੀਆਂ ਗਈਆਂ। ਬੀਬੀਆਂ ਦੀ ਗਠਿਤ ਟੀਮ ਦੀਆਂ ਅਹੁਦੇਦਾਰ ਬੀਬੀਆਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਨੇ ਦੱਸਿਆ 9 ਫਰਵਰੀ ਨੂੰ ਕਾਦੀਆਂ ਵਿਖੇ ਵੱਡਾ ਇਕੱਠ ਕਰਕੇ ਕਿਸਾਨ ਮਜ਼ਦੂਰ ਬੀਬੀਆਂ ਦੀ ਗੁਰਦਾਸਪੁਰ ਜ਼ਿਲ੍ਹਾ ਬਾਡੀ ਦਾ ਗਠਨ ਕੀਤਾ ਜਾਵੇਗਾ। ਮੀਟਿੰਗ ਵਿੱਚ ਕਿਸਾਨ ਆਗੂ ਦਿਲਬਾਗ ਸਿੰਘ ਬੱਬਰੀ, ਸੁੱਚਾ ਸਿੰਘ ਬਾਹੀਆਂ, ਕੁਲਬੀਰ ਸਿੰਘ ਤਿੱਬੜ, ਅਜੀਤ ਸਿੰਘ, ਸ਼ਾਮ ਸਿੰਘ ਗਿੱਲਮੰਜ,ਅਮਰੀਕ ਸਿੰਘ, ਗੁਰਮੀਤ ਸਿੰਘ, ਹੇਮ ਸਿੰਘ ਸਰਸਪੁਰ, ਹਰਵਿੰਦਰ ਸਿੰਘ, ਹਰਭਾਲ ਸਿੰਘ ਤਲਵੰਡੀ,ਗੁਰਵਿੰਦਰ ਸਿੰਘ ਤਲਵੰਡੀ ਬਥੁੱਨਗੜ੍ਹ, ਦਵਿੰਦਰ ਸਿੰਘ, ਅਮਰੀਕ ਸਿੰਘ ਲੋਦੀਪੁਰ, ਰਵੇਲ ਸਿੰਘ, ਨਵਜੋਤ ਸਿੰਘ ਪਸਨਾਵਾਲ, ਵਿਜੇ ਕੁਮਾਰ ਕਲਿਆਣਪੁਰ, ਸਰੂਪ ਸਿੰਘ ਅਲਾਵਲਪੁਰ ਆਦਿ ਕਿਸਾਨ ਆਗੂ ਸਾਮਲ ਸਨ।

ਸੰਘਣੀ ਧੁੰਦ ਕਾਰਨ ਵਾਪਰਿਆ ਹਾਦਸਾ

ਗੁਰਾਇਆ (ਬਿੰਦਰ ਸੁਮਨ)—ਇਥੇ ਵਾਪਰੇ ਹਾਦਸੇ ਵਿੱਚ ਇੱਕ ਸਕੂਲ ਬੱਸ ਨੂੰ ਇੱਕ ਟਰੱਕ ਨੇ ਟੱਕਰ ਮਾਰ ਦਿੱਤੀ ਜਿਸ ਕਾਰਨ ਸਕੂਲੀ ਬੱਸ ਨੁਕਸਾਨੀ ਗਈ। ਇਸ ਟੱਕਰ ਤੋਂ ਬਾਅਦ ਇੱਕ ਤੋਂ ਬਾਅਦ ਇੱਕ ਛੇ ਵਾਹਨ ਆਪਸ ਵਿੱਚ ਟਕਰਾ ਗਏ। ਲੋਕਾਂ ਨੇ ਹਾਦਸੇ ਦੀ ਸੂਚਨਾ ਗੁਰਾਇਆ ਥਾਣੇ ਦਿੱਤੀ। ਥਾਣਾ ਗੁਰਾਇਆ ਵੱਲੋਂ ਸੜਕ ਸੁਰੱਖਿਆ ਫੋਰਸ ਨੂੰ ਐਕਸੀਡੈਂਟ ਬਾਰੇ ਇਤਲਾਹ ਦਿੱਤੀ ਗਈ , ਸੜਕ ਸੁਰੱਖਿਆ ਫੋਰਸ ਦੇ ਮੁਲਾਜ਼ਮ ਏਐਸਆਈ ਸਰਬਜੀਤ ਸਿੰਘ ਅਤੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਟਰੱਕ ਡਰਾਈਵਰ ਟਰੱਕ ਦੇ ਵਿੱਚ ਫਸਿਆ ਹੋਇਆ ਸੀ ,ਉਸ ਨੂੰ ਸਥਾਨਕ ਲੋਕਾਂ ਦੀ ਮਦਦ ਨਾਲ ਟਰੱਕ ਵਿੱਚੋਂ ਬਾਹਰ ਕੱਢਿਆ ਗਿਆ ਤੇ ਗੰਭੀਰ ਜ਼ਖਮੀ ਦੀ ਹਾਲਤ 'ਚ ਉਸ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ ਲਿਜਾਇਆ ਗਿਆ । ਇਹ ਹਾਦਸਾ ਸੰਘਣੀ ਧੁੰਦ ਕਰਕੇ ਵਾਪਰਿਆ ,ਅੱਗੇ ਜਾ ਰਹੀ ਸਕੂਲੀ ਵੈਨ ਨੂੰ ਟਰੱਕ ਨੇ ਹਿੱਟ ਕੀਤਾ ਜਿਸ ਕਰਕੇ ਪਿੱਛੇ ਟਿੱਪਰ ਅਤੇ ਟਾਟਾ ਕੈਂਟਰ ਹਿੱਟ ਹੋ ਗਏ।

ਪੰਜਾਬ ਸਰਕਾਰ ਨੇ ਸੈਨਿਕਾਂ ਦੀਆਂ ਕੁਰਬਾਨੀਆਂ ਦੇ ਸਨਮਾਨ ਲਈ ਅਹਿਮ ਕਦਮ ਚੁੱਕੇ : ਸੇਖਵਾਂ

ਗੁਰਦਾਸਪੁਰ, (ਜਨਕ ਮਹਾਜਨ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਅਨੇਕਾਂ ਕਦਮ ਚੁੱਕੇ ਜਾ ਰਹੇ ਹਨ। ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਸੈਨਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਸੁਧਾਰਾਂ ਅਤੇ ਨਵੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਬਲਿਊ ਸਟਾਰ ਤੋਂ ਪ੍ਰਭਾਵਿਤ ਧਰਮੀ ਫ਼ੌਜੀਆਂ ਲਈ ਮਹੀਨਾਵਾਰ ਗਰਾਂਟ ਨੂੰ 10 ਹਜ਼ਾਰ ਰੁਪਏ ਤੋਂ ਵਧਾ ਕੇ 12 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਮਹੱਤਵਪੂਰਨ ਫ਼ੈਸਲਾ ਪ੍ਰਭਾਵਿਤ ਪਰਿਵਾਰਾਂ ਲਈ ਵਿੱਤੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਸਮਰਪਿਤ ਭਾਵਨਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਆਪਣੀ ਡਿਊਟੀ ਦੌਰਾਨ ਜ਼ਖ਼ਮੀ ਹੋਏ ਸੈਨਿਕਾਂ ਲਈ ਐਕਸ-ਗ੍ਰੇਸ਼ੀਆ ਦੀ ਰਕਮ ਨੂੰ ਦੁੱਗਣਾ ਕਰ ਦਿੱਤਾ ਗਿਆ ਹੈ, ਹੁਣ ਦਿਵਿਆਂਗਤਾ ਦੇ ਆਧਾਰ 'ਤੇ 10 ਲੱਖ ਰੁਪਏ ਤੋਂ ਲੈ ਕੇ 40 ਲੱਖ ਰੁਪਏ ਤੱਕ ਦਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਵਾਰ ਜਗੀਰ ਸਕੀਮ ਅਧੀਨ ਲਾਭਪਾਤਰੀਆਂ ਦੀ ਸਾਲਾਨਾ ਵਿੱਤੀ ਸਹਾਇਤਾ ਨੂੰ 10 ਹਜ਼ਾਰ ਰੁਪਏ ਤੋਂ ਵਧਾ ਕੇ 20 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਗੈਰ-ਪੈਨਸ਼ਨ ਵਾਲੇ ਵਿਸ਼ਵ ਯੁੱਧ 9 ਅਤੇ 99 ਦੇ ਸਾਬਕਾ ਸੈਨਿਕਾਂ ਅਤੇ 65 ਸਾਲ ਤੋਂ ਵੱਧ ਉਮਰ ਦੀਆਂ ਉਨ੍ਹਾਂ ਦੀਆਂ ਵਿਧਵਾਵਾਂ ਲਈ ਵਿੱਤੀ ਸਹਾਇਤਾ ਨੂੰ 6 ਹਜ਼ਾਰ ਤੋਂ ਵਧਾ ਕੇ 10 ਹਜ਼ਾਰ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ ਤਾਂ ਕਿ ਸਾਡੇ ਬਜ਼ੁਰਗ ਜੰਗੀ ਨਾਇਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਇਆ ਜਾ ਸਕੇ। ਚੇਅਰਮੈਨ ਸੇਖਵਾਂ ਨੇ ਦੱਸਿਆ ਕਿ ਪੰਜਾਬ 'ਚ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਸਿੱਧੀ ਭਰਤੀ ਵਿੱਚ 13 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ ਅਤੇ ਦੋ ਸਾਲਾਂ ਵਿੱਚ 2044 ਅਸਾਮੀਆਂ ਭਰੀਆਂ ਗਈਆਂ ਹਨ। ਸੂਬਾ ਸਰਕਾਰ ਦਾ ਇਹ ਕਦਮ ਸਾਡੇ ਸੈਨਿਕਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ, ਮਾਣ-ਸਨਮਾਨ ਅਤੇ ਖ਼ੁਸ਼ਹਾਲ ਜੀਵਨ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਸੂਬਾ ਪੱਧਰੀ ਮੀਟਿੰਗ 8 ਨੂੰ : ਉੱਪਲ

ਵੇਰਕਾ (ਰਾਣਾ)

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ, ਗੁਰਪ੍ਰੀਤ ਸਿੰਘ ਮੰਗਵਾਲ ਤੇ ਗੁਰਮੇਲ ਸਿੰਘ ਮੈਲਡੇ, ਅਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਕਰਤਾਰ ਸਿੰਘ ਪਾਲ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ, ਪ੍ਰੈੱਸ ਸਕੱਤਰ ਪ੍ਰਭਜੀਤ ਸਿੰਘ ਉੱਪਲ ਅਤੇ ਟਹਿਲ ਸਿੰਘ ਸਰਾਭਾ, ਮੀਤ ਪ੍ਰਧਾਨ ਜਸਵਿੰਦਰ ਪਾਲ ਉੱਗੀ, ਪ੍ਰਵੀਨ ਕੁਮਾਰ ਲੁਧਿਆਣਾ, ਸਰੋਜ ਛਪੜੀ ਵਾਲਾ, ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਨੇ ਇੱਕ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਦੱਸਿਆ ਹੈ ਕਿ ਜਥੇਬੰਦੀ ਦੀ ਸੂਬਾਈ ਕਾਰਜਕਾਰਨੀ ਕਮੇਟੀ ਦੀ ਇੱਕ ਅਹਿਮ ਮੀਟਿੰਗ 8 ਫਰਵਰੀ ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਨੇੜੇ ਬੱਸ ਸਟੈਂਡ ਲੁਧਿਆਣਾ ਵਿਖੇ ਰੱਖੀ ਗਈ ਹੈ।ਉਨ੍ਹਾਂ ਅੱਗੇ ਦੱਸਿਆ ਕਿ ਮੀਟਿੰਗ ਵਿੱਚ ਫੈਡਰੇਸ਼ਨ ਦੇ ਸੂਬਾਈ ਆਗੂ ਅਤੇ ਜ਼ਿਲਾ ਪ੍ਰਧਾਨ/ਜਨਰਲ ਸਕੱਤਰ, ਫੈਡਰੇਸ਼ਨ ਨਾਲ ਸਬੰਧਿਤ ਜਥੇਬੰਦੀਆਂ ਦੇ ਸੂਬਾਈ ਆਗੂ ਸ਼ਾਮਿਲ ਹੋਣਗੇ।ਇਸ ਦੌਰਾਨ ਮੀਟਿੰਗ ਵਿੱਚ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਦੇ ਫੈਸਲੇ ਮੁਤਾਬਿਕ 11 ਅਪ੍ਰੈਲ ਨੂੰ ਜੰਤਰ ਮੰਤਰ ਦਿੱਲੀ ਵਿਖੇ ਧਰਨਾ ਦੇਣ, ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਵੱਖ-ਵੱਖ ਐਕਸ਼ਨ ਪ੍ਰੋਗਰਾਮ ਲਾਗੂ ਕਰਨ, ਜ਼ਿਲਾ ਕਮੇਟੀਆਂ ਦਾ ਪੂਨਰਗਠਨ ਕਰਨ, ਜਥੇਬੰਦਕ ਅਤੇ ਫੰਡਾਂ ਦੀ ਸਥਿਤੀ ਮਜ਼ਬੂਤ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।ਇਸ ਮੌਕੇ ਜਥੇਬੰਦਕ ਆਗੂਆਂ ਨੇ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਲਗਾਤਾਰ ਮੁਲਾਜ਼ਮ ਅਤੇ ਪੈਨਸ਼ਨਰਜ਼ ਦੀਆਂ ਮੰਗਾਂ ਦੀ ਅਣਦੇਖੀ ਕਰਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦੇ ਹੋਏ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਨੂੰ ਆਪਣੇ ਹੱਕਾਂ ਲਈ ਪੰਜਾਬ ਸਰਕਾਰ ਦੇ ਖਿਲਾਫ ਵਿੱਢੇ ਜਾਣ ਵਾਲੇ ਸੰਘਰਸ਼ਾਂ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਹੈ।

ਡਾ. ਯਾਦਵਿੰਦਰ ਸਿੰਘ ਨੇ ਹਲਦੀ ਪ੍ਰੋਸੈਸਿੰਗ ਪਲਾਂਟ ਨਾਗੋਕੇ ਦਾ ਕੀਤਾ ਦੌਰਾ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਅਤੇ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਕਿਸਾਨਾਂ ਨੂੰ ਸਹਾਇਕ ਧੰਦਿਆਂ ਸਬੰਧੀ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਜ਼ਿਲਾ ਤਰਨ ਤਾਰਨ ਦੇ ਮੁੱਖ ਖੇਤੀਬਾੜੀ ਅਫਸਰ ਡਾਕਟਰ ਹਰਪਾਲ ਸਿੰਘ ਪੰਨੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਯਾਦਵਿੰਦਰ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ ਖਡੂਰ ਸਾਹਿਬ ਵੱਲੋਂ ਹਲਦੀ ਪ੍ਰੋਸੈਸਿੰਗ ਪਲਾਂਟ ਨਾਗੋਕੇ ਦਾ ਦੌਰਾ ਕੀਤਾ ਗਿਆ।ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ 2011-12 ਵਿੱਚ ਉਨ੍ਹਾਂ ਨੇ ਰਵਾਇਤੀ ਖੇਤੀ ਦੇ ਨਾਲ ਨਾਲ ਹਲਦੀ ਬੀਜਣ ਦੀ ਸ਼ੁਰੂਆਤ ਵੀ ਕੀਤੀ।ਉਨ੍ਹਾਂ ਨੇ ਸ਼ੁਰੂਆਤ ਵਿੱਚ ਇੱਕ ਕਿੱਲੇ ਵਿੱਚ ਹਲਦੀ ਦੀ ਬਿਜਾਈ ਕੀਤੀ।ਉਨ੍ਹਾਂ ਦੇ ਹਿੱਸੇਦਾਰ ਅਮਰਜੀਤ ਸਿੰਘ ਨੇ ਪਿਛਲੇ ਸੱਤ ਅੱਠ ਸਾਲਾਂ ਤੋਂ ਪਰਾਲੀ ਅਤੇ ਕਣਕ ਦੇ ਨਾੜ ਨੂੰ ਅੱਗ ਨਹੀਂ ਲਗਾਈ ।ਉਨ੍ਹਾਂ ਨੇ ਦੱਸਿਆ ਕਿ ਹਲਦੀ ਦਸ ਮਹੀਨੇ ਦੀ ਫਸਲ ਹੈ ਅਤੇ ਇਸ ਵਿੱਚੋਂ ਚੰਗੀ ਕਮਾਈ ਹੋ ਜਾਂਦੀ ਹੈ।ਯਾਦਵਿੰਦਰ ਸਿੰਘ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਲਾਂਟ ਵਿੱਚ ਪੰਜ ਤੋਂ ਸੱਤ ਵਰਕਰ ਕੰਮ ਕਰਦੇ ਹਨ ਅਤੇ ਉਹ ਪ੍ਰੋਸੈਸਿੰਗ ਪਲਾਂਟ ਵਿੱਚ ਕੰਮ ਕਰਕੇ ਖੁਸ਼ ਹਨ ਅਤੇ ਮੈਨੂੰ ਵੀ ਖੁਸ਼ੀ ਮਿਲਦੀ ਹੈ ਕਿ ਮੇਰੇ ਇਸ ਪਲਾਂਟ ਨਾਲ ਉਨ੍ਹਾਂ ਦੀ ਰੋਜ਼ੀ ਰੋਟੀ ਚੱਲਦੀ ਹੈ। ਇੱਕ ਸੰਦੇਸ਼ ਜੋ ਮੈਂ ਕਿਸਾਨਾਂ ਨੂੰ ਦੇਣਾ ਚਾਹੁੰਦਾ ਹਾਂ ਉਹ ਹੈ ਕਿ ਵਾਤਾਵਰਣ ਨੂੰ ਬਚਾਉਣ ਲਈ ਰਵਾਇਤੀ ਖੇਤੀ ਦੇ ਨਾਲ ਨਾਲ ਜੈਵਿਕ ਖੇਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਹੱਲੇਚਾਹੀਏ ਨਜ਼ਦੀਕ ਚੁਰਸਤੇ 'ਚ ਸਪੀਡ ਬਰੇਕਰ ਨਾ ਹੋਣ ਕਾਰਨ ਹਾਦਸੇ ਵਾਪਰਨ ਦਾ ਡਰ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਤੋਂ ਕਸਬਾ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪੈਂਦੇ ਪਿੰਡ ਹੱਲੇਚਾਹੀਏ ਨਜ਼ਦੀਕ ਚੁਰਸਤੇ ਵਿਚਕਾਰ ਸਪੀਡ ਬਰੇਕਰ ਨਾ ਹੋਣ ਕਾਰਨ ਹਰ ਸਮੇਂ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਜ਼ਦੀਕੀ ਦੁਕਾਨਦਾਰਾਂ ਨੇ ਦੱਸਿਆ ਕਿ ਇਸ ਸੜਕ ਤੇ ਸਾਰਾ ਦਿਨ ਆਵਾਜਾਈ ਚਲਦੀ ਰਹਿੰਦੀ ਹੈ। ਉਨ੍ਹਾਂ ਕਿਹਾ ਚੁਰਸਤੇ ਵਿਚਕਾਰ ਪਹਿਲਾਂ ਸਪੀਡ ਬਰੇਕਰ ਬਣੇ ਹੋਏ ਸਨ ਜੋ ਹੁਣ ਟੁੱਟ ਚੁੱਕੇ ਹਨ। ਉਨ੍ਹਾਂ ਕਿਹਾ ਕਿ ਚੁਰਸਤੇ ਵਿੱਚ ਸਪੀਡ ਬਰੇਕਰ ਨਾ ਹੋਣ ਕਾਰਨ ਆਹਮਣੇ ਸਾਹਮਣੇ

5-Feb-PAGE-4.qxd 2/4/2025 10:53 PM Page 1

ਨਵਾਂ ਜ਼ਮਾਨਾ
ਬੁੱਧਵਾਰ, 5 ਫ਼ਰਵਰੀ 2025

ਤਿਲੰਗਾਨਾ ਦਾ ਸੱਚ

ਕਾਂਗਰਸ ਹਕੂਮਤ ਵਾਲੇ ਤਿਲੰਗਾਨਾ ਰਾਜ ਨੇ ਜਾਤੀ ਸਰਵੇਖਣ ਦੇ ਅੰਕੜੇ ਜਾਰੀ ਕਰਕੇ ਸਿਆਸੀ ਪਾਰਟੀਆਂ ਨੂੰ ਹੈਰਾਨ ਕਰ ਦਿੱਤਾ ਹੈ। 'ਸਮਾਜੀ, ਆਰਥਕ, ਵਿੱਦਿਅਕ, ਰੁਜ਼ਗਾਰ, ਸਿਆਸੀ ਤੇ ਜਾਤੀ' ਸਰਵੇਖਣ ਮੁਤਾਬਕ ਰਾਜ ਦੀ 46.25 ਫੀਸਦੀ (1, 64,09,179 ਲੋਕ) ਆਬਾਦੀ ਪੱਛੜੇ ਵਰਗਾਂ ਤੋਂ ਹੈ। ਆਬਾਦੀ 'ਚ ਅਨੁਸੂਚਿਤ ਜਾਤਾਂ ਦਾ ਹਿੱਸਾ 17.43 ਫੀਸਦੀ (61,84,319) ਅਤੇ ਅਨੁਸੂਚਿਤ ਕਬੀਲਿਆਂ ਦਾ ਹਿੱਸਾ 10.45 ਫੀਸਦੀ (37,05,929) ਹੈ। ਪਹਿਲਾਂ ਮੁਸਲਿਮ ਆਬਾਦੀ 10 ਫੀਸਦੀ ਮੰਨੀ ਜਾਂਦੀ ਸੀ, ਪਰ ਉਹ 12 ਫੀਸਦੀ ਤੋਂ ਵੱਧ ਨਿਕਲੀ ਹੈ। ਰਾਜ 'ਚ 44,57,012 ਮੁਸਲਿਮ ਹਨ, ਜਿਹੜੇ 12.56 ਫੀਸਦੀ ਬਣਦੇ ਹਨ। ਇਨ੍ਹਾਂ ਵਿੱਚ ਪੱਛੜੀ ਸ਼੍ਰੇਣੀ ਦੇ 35,7,588 ਲੋਕ (10.08 ਫੀਸਦੀ), ਹੋਰਨਾਂ ਪੱਛੜੀਆਂ ਸ਼੍ਰੇਣੀਆਂ ਦੇ 8,80,424 ਲੋਕ (2.48 ਫੀਸਦੀ) ਹਨ, ਯਾਨੀ ਕਿ ਤਿਲੰਗਾਨਾ 'ਚ ਮੁਸਲਮਾਨਾਂ ਦਾ ਵੱਡਾ ਹਿੱਸਾ ਪਸਮਾਂਦਾ (ਪੱਛੜੇ) ਭਾਈਚਾਰੇ ਦਾ ਹੈ। ਜੇ ਇਸ ਨੂੰ 46.25 ਫੀਸਦੀ ਓ ਬੀ ਸੀ ਨਾਲ ਜੋੜ ਦਿੱਤਾ ਜਾਵੇ ਤਾਂ ਰਾਜ 'ਚ ਓ ਬੀ ਸੀ ਦੀ ਆਬਾਦੀ 56.33 ਹੋ ਜਾਂਦੀ ਹੈ।

ਆਬਾਦੀ ਦੇ ਹਿਸਾਬ ਨਾਲ ਓ ਬੀ ਸੀ (ਹੋਰ ਪੱਛੜੀ ਸ਼੍ਰੇਣੀ) ਦੀ ਤਿਲੰਗਾਨਾ ਦੀ ਸਿਆਸੀ ਵਿਵਸਥਾ ਵਿੱਚ ਨੁਮਾਇੰਦਗੀ ਨਹੀਂ ਹੈ। ਵਿਧਾਨ ਸਭਾ ਤੇ ਸੰਸਦੀ ਸੀਟਾਂ 'ਤੇ ਉੱਚੀਆਂ ਜਾਤਾਂ ਦੇ ਆਗੂਆਂ ਦਾ ਕਬਜ਼ਾ ਹੈ। ਭਾਜਪਾ, ਭਾਰਤ ਰਾਸ਼ਟਰ ਸਮਿਤੀ (ਬੀ ਆਰ ਐੱਸ) ਤੇ ਕਾਂਗਰਸ ਵਰਗੀਆਂ ਪ੍ਰਮੁੱਖ ਸਿਆਸੀ ਪਾਰਟੀਆਂ 'ਚ ਉੱਚੀਆਂ ਜਾਤਾਂ ਦਾ ਦਬਦਬਾ ਹੈ। ਬੀ ਆਰ ਐੱਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਵੇਲਮਾ ਜਾਤ ਦੇ ਹਨ, ਜਿਹੜੀ ਉੱਚੀ ਜਾਤ ਹੈ। ਕਾਂਗਰਸ ਆਗੂ ਤੇ ਮੁੱਖ ਮੰਤਰੀ ਰੇਵੰਤ ਰੈਡੀ ਵੀ ਉੱਚ ਜਾਤੀ ਦੇ ਹਨ। ਭਾਜਪਾ ਦੇ ਬਹੁਤੇ ਆਗੂ ਉੱਚ ਜਾਤੀ ਦੇ ਹਨ। ਵਿਧਾਨ ਸਭਾ ਚੋਣਾਂ ਵਿੱਚ ਓ ਬੀ ਸੀ ਉਮੀਦਵਾਰਾਂ ਦੀ ਗਿਣਤੀ ਲਗਾਤਾਰ ਘਟਦੀ ਆ ਰਹੀ ਹੈ। 2018 ਦੀਆਂ ਚੋਣਾਂ ਵਿੱਚ ਤਿਲੰਗਾਨਾ ਰਾਸ਼ਟਰ ਸਮਿਤੀ (ਬੀ ਆਰ ਐੱਸ ਦੀ ਪਹਿਲੀ ਪਛਾਣ) 119 ਵਿੱਚੋਂ ਸਿਰਫ 30 ਓ ਬੀ ਸੀ ਉਮੀਦਵਾਰ ਖੜ੍ਹੇ ਕੀਤੇ ਸਨ। ਕਾਂਗਰਸ ਤੇ ਭਾਜਪਾ ਨੇ ਵੀ ਥੋੜ੍ਹੇ ਓ ਬੀ ਸੀ ਉਮੀਦਵਾਰ ਬਣਾਏ ਸਨ। ਮੁਸਲਿਮ ਉਮੀਦਵਾਰ ਤਾਂ ਗਿਣਤੀ ਵਿੱਚ ਹੀ ਨਹੀਂ। ਇਨ੍ਹਾਂ ਦੀ ਗਿਣਤੀ ਦੋ-ਚਾਰ ਤੋਂ ਅੱਗੇ ਨਹੀਂ ਵਧਦੀ। ਇਹ ਰੁਝਾਨ ਰਾਜ ਦੀ ਸਿਆਸਤ ਵਿੱਚ ਓ ਬੀ ਸੀ ਭਾਈਚਾਰੇ ਦੇ ਹਾਸ਼ੀਏ 'ਤੇ ਹੋਣ ਨੂੰ ਦਰਸਾਉਂਦਾ ਹੈ।

ਰਾਹੁਲ ਗਾਂਧੀ ਲੰਮੇ ਸਮੇਂ ਤੋਂ ਦੇਸ਼ਵਿਆਪੀ ਜਾਤੀ ਜਨਗਣਨਾ ਦੀ ਮੰਗ ਉਠਾ ਰਹੇ ਹਨ। ਉਹ ਲਗਾਤਾਰ ਕਹਿ ਰਹੇ ਹਨ ਕਿ ਦੇਸ਼ ਦੀਆਂ ਨੀਤੀਆਂ ਤੈਅ ਕਰਨ ਵਾਲੇ ਅਧਿਕਾਰੀਆਂ 'ਚ ਸਕੱਤਰ ਤੇ ਜਾਇੰਟ ਸਕੱਤਰ ਦੇ ਅਹੁਦਿਆਂ 'ਤੇ ਨਾਮਾਤਰ ਓ ਬੀ ਸੀ ਹਨ। ਉੱਚ ਜਾਤੀਆਂ ਦੇ ਅਧਿਕਾਰੀਆਂ ਦੀ ਹੀ ਭਰਮਾਰ ਹੈ। ਹੁਣ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਕਾਂਗਰਸ ਦੀ ਰਾਜ ਸਰਕਾਰ ਓ ਬੀ ਸੀ ਨੂੰ ਬਣਦੀ ਨੁਮਾਇੰਦਗੀ ਦੇਣ ਲਈ ਕੀ ਕਰਦੀ ਹੈ। ਜੇ ਕਾਂਗਰਸ ਇਸ ਰਿਪੋਰਟ ਦੇ ਆਧਾਰ 'ਤੇ ਨੀਤੀਆਂ ਬਣਾਉਂਦੀ ਹੈ ਤਾਂ ਪਾਰਟੀ ਲਈ ਇਹ ਗੇਮਚੇਂਜਰ ਸਾਬਤ ਹੋ ਸਕਦਾ ਹੈ।

ਧੌਂਸ ਡਾਲਰ ਦੀ ?

ਸੁਣਦੇ ਆਏ ਸਾਂ 'ਧੌਂਸ' ਅਮਰੀਕਣਾਂ ਦੀ,
ਦੁਨੀਆ ਭਰ ਦੇ ਵਿੱਚ ਹੀ 'ਚੱਲਦੀ' ਏ।
ਜਿਸ ਦਿਨ ਦਾ ਸਾਹਿਬ ਟਰੰਪ ਆਇਆ,
ਹਾਲਤ ਸਾਰੇ ਥਾਂਹ ਬਣੀ ਤਰਥੱਲ ਦੀ ਏ।
'ਦਬਕਾ' ਕਿਸੇ ਨੂੰ ਵੱਜਿਆ 'ਟੈਰਿਫਾਂ' ਦਾ,
ਦੇਖੋ ਕਿਹੜੀ ਸਰਕਾਰ ਇਹ 'ਝੱਲਦੀ' ਏ,
ਪਾਵਰ ਫੁੱਲ 'ਕਰੰਸੀ' ਹਾਂ ਵਿਸ਼ਵ ਭਰ ਦੀ,
ਟੋਨ ਡਾਲਰ ਦੀ ਮੈਸਿਜ ਇਹ ਘੱਲਦੀ ਏ।
ਆ ਗਏ 'ਗ਼ੈਰ-ਕਾਨੂੰਨੀ' ਪ੍ਰਵਾਸੀਆਂ ਦੀ।
ਕਿਸਮਤ ਜਾਪਦੀ ਉਨ੍ਹਾਂ ਦੀ 'ਰੋਣ' ਲੱਗੀ।
ਹਾਕਮ ਵਿੱਚ ਅਮਰੀਕਾ ਕੀ ਬਦਲਿਆ ਏ,
ਉਸ ਦੀ 'ਚਰਚਾ' ਸੰਸਾਰ ਵਿੱਚ ਹੋਣ ਲੱਗੀ।

***-ਤਰਲੋਚਨ ਸਿੰਘ ਦੁਪਾਲਪੁਰ**, 001-408-915-1268*

ਪੰਜਾਬ ਦੇ ਬਦਕਿਸਮਤ ਮਾਪੇ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਅੱਜ ਤੋਂ ਪੰਜਾਹ ਕੁ ਸਾਲ ਪਹਿਲਾਂ ਭਾਰਤ ਵਿਚ ਇਕ ਹਿੰਦੀ ਫ਼ਿਲਮ ਰਿਲੀਜ਼ ਹੋਈ ਸੀ, ਜਿਸ ਨੇ ਕਾਮਯਾਬੀ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਸਨ ਤੇ ਉਸ ਸ਼ਾਹਕਾਰ ਫ਼ਿਲਮ ਦਾ ਨਾਂਅ ਸੀ 'ਸ਼ੋਅਲੇ'। ਇਸ ਫ਼ਿਲਮ ਦੀ ਕਹਾਣੀ, ਪਟਕਥਾ ਅਤੇ ਸੰਵਾਦ ਸਲੀਮ ਖ਼ਾਨ ਅਤੇ ਜਾਵੇਦ ਅਖ਼ਤਰ ਦੀ ਜੋੜੀ ਨੇ ਲਿਖੇ ਸਨ। ਇਸ ਫ਼ਿਲਮ ਵਿਚ ਅਦਾਕਾਰ ਏ.ਕੇ.ਹੰਗਲ ਦੁਆਰਾ ਬੋਲਿਆ ਗਿਆ ਇਕ ਸੰਵਾਦ ਕੁਝ ਇਸ ਤਰ੍ਹਾਂ ਹੈ-'ਜਾਨਤੇ ਹੋ ਦੁਨੀਆ ਕਾ ਸਬ ਸੇ ਬੜਾ ਬੋਝ ਕਿਆ ਹੈ..ਬਾਪ ਕੇ ਕੰਧੋਂ ਪਰ ਬੇਟੇ ਕਾ ਜਨਾਜ਼ਾ।' ਇਸ ਸੰਵਾਦ ਦੇ ਡੂੰਘੇ ਅਰਥ ਹਰੇਕ ਸਰੋਤੇ ਦੇ ਮਨ ਨੂੰ ਧੁਰ ਅੰਦਰ ਤੱਕ ਝੰਜੋੜ ਦੇਣ ਵਾਲੇ ਹਨ। ਜਿਹੜੇ ਮਾਪਿਆਂ ਨੇ ਆਪਣੀਆਂ 'ਆਂਦਰਾਂ' ਆਖੇ ਜਾਂਦੇ ਆਪਣੇ ਪੁੱਤਰਾਂ-ਧੀਆਂ ਨੂੰ ਬੜੇ ਕਸ਼ਟਾਂ ਨਾਲ ਜਨਮ ਦੇਣ ਉਪਰੰਤ ਬੜੀਆਂ ਤੰਗੀਆਂ ਤੇ ਪ੍ਰੇਸ਼ਾਨੀਆਂ ਸਹਿ ਕੇ ਪਾਲਿਆ ਹੁੰਦਾ ਹੈ, ਉਨ੍ਹਾਂ ਮਾਪਿਆਂ ਨੂੰ ਜਦੋਂ ਕਿਸੇ ਕਾਰਨ ਕਰਕੇ ਆਪਣੇ ਉਨ੍ਹਾਂ ਜਿਗਰ ਦੇ ਟੋਟਿਆਂ ਦੀਆਂ ਲੋਥਾਂ ਆਪਣੇ ਮੋਢਿਆਂ 'ਤੇ ਢੋਣੀਆਂ ਪੈਂਦੀਆਂ ਹਨ ਤਾਂ ਉਨ੍ਹਾਂ ਨੂੰ ਸੱਚਮੁੱਚ ਇੰਜ ਹੀ ਮਹਿਸੂਸ ਹੁੰਦਾ ਹੈ, ਜਿਵੇਂ ਦੁਨੀਆ ਦਾ 'ਸਭ ਤੋਂ ਵੱਡਾ ਬੋਝ' ਉਨ੍ਹਾਂ ਦੇ ਮੋਢਿਆਂ 'ਤੇ ਆਣ ਪਿਆ ਹੋਵੇ ਤੇ ਜਿਸ ਨੂੰ ਚੁੱਕਣ ਲਈ ਉਨ੍ਹਾਂ ਦਾ ਤਨ, ਮਨ ਅਤੇ ਆਤਮਾ ਹਰਗਿਜ਼ ਵੀ ਸਮਰੱਥ ਨਹੀਂ ਹੁੰਦੇ।

ਉਕਤ ਅਤਿ ਗੰਭੀਰ, ਦੁਖਦਾਇਕ ਅਤੇ ਭਿਆਨਕ ਤ੍ਰਾਸਦੀ ਦਾ ਜੇਕਰ ਕੋਈ ਸਭ ਤੋਂ ਵੱਧ ਸ਼ਿਕਾਰ ਸੂਬਾ ਹੈ ਤਾਂ ਉਹ ਹੈ 'ਪੰਜਾਬ'। ਇਸ ਸੂਬੇ ਵਿਚ ਅਜਿਹਾ ਇਕ ਵੀ ਦਿਨ ਨਹੀਂ ਬੀਤਦਾ ਹੈ, ਜਦੋਂ ਨਸ਼ੇ ਦੀ 'ਓਵਰਡੋਜ਼' ਕਾਰਨ ਪੰਜਾਬ ਦਾ ਕੋਈ ਨਾ ਕੋਈ ਗੱਭਰੂ ਦਮ ਨਾ ਤੋੜਦਾ ਹੋਵੇ। ਨਸ਼ੀਲੇ ਪਦਾਰਥਾਂ ਦੀ ਡੋਜ਼ ਲੈਂਦੇ ਉਸ ਗਭਰੂ ਦੀ ਬਾਂਹ ਵਿਚ ਨਸ਼ੀਲੇ ਟੀਕੇ ਦੀ ਸਰਿੰਜ ਫਸੀ ਰਹਿ ਜਾਂਦੀ ਹੈ ਤੇ ਮਾਪਿਆਂ ਦਾ ਉਹ ਜੁਆਨ ਪੁੱਤ ਇਕ ਛਿਣ ਵਿਚ ਹੀ ਮਾਪਿਆਂ ਨੂੰ ਉਮਰ ਭਰ ਦਾ ਗ਼ਮ ਦੇ ਕੇ ਇਸ ਜਹਾਨ ਤੋਂ ਸਦਾ ਲਈ ਚਲਾ ਜਾਂਦਾ ਹੈ। ਕੌੜਾ ਸੱਚ ਇਹ ਹੈ ਕਿ ਸਰਕਾਰਾਂ ਅਤੇ ਪੁਲਸ ਵੱਲੋਂ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀ ਵੱਡੀ ਗਿਣਤੀ ਵਿਚ ਗ੍ਰਿਫ਼ਤਾਰੀ ਦੇ ਦਾਅਵਿਆਂ ਅਤੇ ਨਸ਼ੀਲੇ ਪਦਾਰਥਾਂ ਦੀ ਭਾਰੀ ਬਰਾਮਦਗੀ ਦੇ ਬਾਵਜੂਦ ਪੰਜਾਬ ਵਿਚ ਨੌਜਵਾਨਾਂ ਦੀਆਂ ਅਜਿਹੀਆਂ ਮੌਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਹੁਣ ਚਾਹੇ ਕੋਈ ਪਿੰਡ ਹੋਵੇ ਤੇ ਚਾਹੇ ਸ਼ਹਿਰ, ਹਰ ਥਾਂ ਨਸ਼ਿਆਂ ਦੀ ਓਵਰਡੋਜ਼ ਕਰਕੇ ਮਰਨ ਵਾਲੇ ਨੌਜਵਾਨ ਮੁੰਡਿਆਂ ਦੀਆਂ ਸੂਚੀਆਂ ਲੰਮੀਆਂ ਹੋਈ ਜਾ ਰਹੀਆਂ ਹਨ ਤੇ ਇਸ ਤੋਂ ਵੀ ਦਿਲ ਕੰਬਾਊ ਤੱਥ ਜੋ ਹੁਣ ਸਾਹਮਣੇ ਆਉਣ ਲੱਗ ਪਿਆ ਹੈ, ਉਹ ਇਹ ਹੈ ਕਿ ਨਸ਼ਿਆਂ ਕਰਕੇ ਹੋ ਰਹੀਆਂ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਦੀ ਇਸ 'ਕਾਲੀ ਤੇ ਕੁਲਹਿਣੀ ਸੂਚੀ' ਵਿਚ ਪੰਜਾਬ ਦੀਆਂ ਮੁਟਿਆਰਾਂ ਅਤੇ ਨਾਬਾਲਿਗ ਬੱਚਿਆਂ ਦੇ ਨਾਂਅ ਵੀ ਸ਼ਾਮਲ ਹੋਣੇ ਸ਼ੁਰੂ ਹੋ ਗਏ ਹਨ।

ਭਾਰਤ ਅੰਦਰ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਦਸੰਬਰ, 2021 ਤੱਕ 5.3 ਕਰੋੜ ਸੀ। ਵਿਸ਼ਵ ਬੈਂਕ ਵੱਲੋਂ ਸਾਲ 2022 ਵਿਚ ਜਾਰੀ ਕੀਤੇ ਅੰਕੜਿਆਂ ਅਨੁਸਾਰ ਕਰਜ਼ਿਆਂ ਦੇ ਮਾਰੇ ਪਾਕਿਸਤਾਨ ਵਿਚ ਬੇਰੁਜ਼ਗਾਰੀ ਦੀ ਦਰ 11.3 ਫ਼ੀਸਦੀ ਸੀ, ਜਦੋਂ ਕਿ ਦੁਨੀਆ ਦੀ ਤੀਜੀ ਵੱਡੀ ਅਰਥ ਵਿਵਸਥਾ ਹੋਣ ਦੇ ਦਮਗ਼ਜ਼ੇ ਮਾਰਨ ਵਾਲੇ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ 23.22 ਫ਼ੀਸਦੀ ਸੀ, ਜੋ ਕਿ ਪਾਕਿਸਤਾਨ ਦੀ ਬੇਕਾਰੀ ਦੀ ਦਰ ਤੋਂ ਦੁੱਗਣੀ ਸੀ। ਸਾਲ 2024 ਵਿਚ ਭਾਰਤੀ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦੀ ਦਰ 45.4 ਫ਼ੀਸਦੀ ਦੇ ਖ਼ਤਰਨਾਕ ਅੰਕੜੇ ਨੂੰ ਛੂਹ ਚੁੱਕੀ ਹੈ। ਬੇਰੁਜ਼ਗਾਰੀ ਦੇ ਇਨ੍ਹਾਂ ਡਰਾਉਣੇ ਅੰਕੜਿਆਂ ਨੇ ਪੰਜਾਬ ਦੀ ਨੌਜਵਾਨੀ ਨੂੰ ਬੜੀ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ, ਜਿਸ ਕਰਕੇ ਅਸੰਖਾਂ ਪੜ੍ਹੇ-ਲਿਖੇ ਨੌਜਵਾਨ ਰੁਜ਼ਗਾਰ ਦੀ ਭਾਲ ਵਿਚ ਆਪਣੀਆਂ ਜ਼ਮੀਨਾਂ ਵੇਚ ਕੇ ਜਾਂ ਭਾਰੀ ਕਰਜ਼ੇ ਚੁੱਕ ਕੇ ਵਿਦੇਸ਼ਾਂ ਨੂੰ ਚਲੇ ਗਏ ਹਨ ਤੇ ਨਿਰੰਤਰ ਜਾ ਰਹੇ ਹਨ। ਕਈ ਉੱਚ-ਸਿੱਖਿਆ ਪ੍ਰਾਪਤ ਪੰਜਾਬੀ ਨੌਜਵਾਨ ਤਾਂ ਪੰਜਾਬ ਤੋਂ ਬਾਹਰ ਗੁੜਗਾਉਂ, ਨੋਇਡਾ ਜਾਂ ਬੰਗਲੌਰ ਜਿਹੇ ਸ਼ਹਿਰਾਂ 'ਚ ਜਾ ਕੇ ਨੌਕਰੀਆਂ ਦੀ ਤਲਾਸ਼ ਵਿਚ ਭਟਕ ਰਹੇ ਹਨ। ਪੰਜਾਬ ਦੇ ਅੰਦਰ ਨੌਜਵਾਨਾਂ ਦਾ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰਨਾ ਅਤੇ ਨੌਕਰੀਆਂ ਹਾਸਿਲ ਕਰਨ ਖ਼ਾਤਿਰ ਟੈਂਕੀਆਂ 'ਤੇ ਚੜ੍ਹਨਾ, ਭੁੱਖ ਹੜਤਾਲਾਂ ਕਰਨਾ, ਰੈਲੀਆਂ ਕਰਨਾ, ਧਰਨੇ ਮਾਰਨਾ ਤੇ ਪੁਲਸ ਹੱਥੋਂ ਡਾਂਗਾਂ ਖਾਣਾ ਬਾਦਸਤੂਰ ਜਾਰੀ ਹੈ। ਜਦੋਂ ਕੋਈ ਨੌਜਵਾਨ ਜ਼ਿੰਦਗੀ ਦੀ ਜੰਗ ਤੋਂ ਨਿਰਾਸ਼ ਹੋ ਕੇ ਅਪਰਾਧ ਦੇ ਰਸਤੇ 'ਤੇ ਚੱਲਦਿਆਂ ਹੋਇਆਂ ਗੈਂਗਸਟਰ, ਨਸ਼ਾ ਤਸਕਰ, ਫ਼ਿਰੌਤੀਬਾਜ਼, ਝਪਟਮਾਰ, ਡਾਕੂ ਜਾਂ ਸਾਈਬਰ ਅਪਰਾਧੀ ਬਣ ਜਾਂਦਾ ਹੈ ਤਾਂ ਅਪਰਾਧ ਦੀ ਦੁਨੀਆ ਦਾ ਦਰਵਾਜਾ ਅਖ਼ੀਰ ਬਦਨਾਮੀ, ਕੈਦ ਜਾਂ ਪਲਸ ਹੱਥੋਂ ਮੌਤ ਦੇ ਰੂਪ ਵਿਚ ਮਿਲਦਾ ਹੈ।

ਪੰਜਾਬ ਦੇ ਜਿਨ੍ਹਾਂ ਮਾਪਿਆਂ ਨੇ ਬੜੇ ਚਾਅਵਾਂ ਨਾਲ ਆਪਣੇ ਨੌਜਵਾਨ ਪੁੱਤਰਾਂ ਨੂੰ ਜਹਾਜ਼ 'ਤੇ ਚੜ੍ਹਾਅ ਕੇ ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ, ਇਟਲੀ ਤੇ ਨਿਊ ਜ਼ੀਲੈਂਡ ਜਿਹੇ ਵੱਡੇ ਮੁਲਕਾਂ ਵਿਚ ਭੇਜਿਆ ਸੀ, ਜਦੋਂ ਉਨ੍ਹਾਂ ਮੁਲਕਾਂ ਤੋਂ ਪੰਜਾਬੀ ਨੌਜਵਾਨਾਂ ਦੇ ਹਾਦਸਿਆਂ ਵਿਚ ਜਾਂ ਹਾਰਟ ਅਟੈਕ ਨਾਲ ਮਰਨ ਦੀਆਂ ਮਨਹੂਸ ਖ਼ਬਰਾ ਪੰਜਾਬ 'ਚ ਪੁੱਜਦੀਆਂ ਹਨ ਤਾਂ ਮਾਪਿਆਂ 'ਤੇ ਤਾਂ ਜਾਣ ਲਓ ਕਿ ਕਹਿਰ ਹੀ ਟੁੱਟ ਪੈਂਦਾ ਹੈ। 'ਡੰਕੀ' ਲਗਾ ਕੇ ਵਿਦੇਸ਼ੀਂ ਜਾਣ ਵਾਲੇ ਅਨੇਕਾਂ ਪੰਜਾਬੀ ਗੱਭਰੂਆਂ ਦੇ ਹਿੱਸੇ ਵਿਦੇਸ਼ 'ਚ ਜਾ ਕੇ ਡਾਲਰਾਂ ਦਾ ਸੁੱਖ ਹਾਸਿਲ ਕਰਨ ਦੀ ਥਾਂ 'ਦਰਦਨਾਕ ਮੌਤ' ਹਿੱਸੇ ਆਉਂਦੀ ਹੈ। ਜਿਨ੍ਹਾ ਪੁੱਤਾਂ ਦੇ ਸਿਰਾਂ 'ਤੇ ਸੋਹਣੇ ਸਿਹਰੇ ਸਜਾਉਣ ਦੇ ਖ਼ੁਆਬ ਮਾਪਿਆਂ ਨੇ ਵੇਖੇ ਹੁੰਦੇ ਹਨ, ਉਨ੍ਹਾਂ ਪੁੱਤਾਂ ਦੀਆਂ ਲਾਸ਼ਾਂ ਲੱਕੜੀ ਦੇ ਡੱਬਿਆਂ ਵਿਚ ਬੰਦ ਹੋ ਕੇ ਜਦੋਂ ਪੰਜਾਬ ਦੇ ਪਿੰਡਾਂ ਜਾਂ ਸ਼ਹਿਰਾਂ ਵਿਚ ਪੁੱਜਦੀਆਂ ਹਨ ਤਾਂ ਮਾਪਿਆਂ ਦੇ ਮੂੰਹੋਂ ਬਸ ਇਹੋ ਹੀ ਬੋਲ ਨਿਕਲਦੇ ਹਨ, 'ਜੇ ਸਾਨੂੰ ਪਤਾ ਹੁੰਦਾ ਕਿ ਵਿਦੇਸ਼ ਦੀ ਚੰਦਰੀ ਧਰਤੀ ਸਾਡੇ ਪੁੱਤ ਨੂੰ ਖਾ ਜਾਵੇਗੀ ਤਾਂ ਅਸੀਂ ਉਸ ਨੂੰ ਕਦੇ ਵੀ ਵਿਦੇਸ਼ ਨਾ ਭੇਜਦੇ ਤੇ ਸਦਾ ਆਪਣੀਆਂ ਅੱਖਾਂ ਸਾਹਮਣੇ ਰੱਖਦੇ.. ਜੇ ਵਿਦੇਸ਼ ਨਾ ਗਿਆ ਹੁੰਦਾ ਤਾਂ ਸਾਡਾ ਕੜੀ ਵਰਗਾ ਜੁਆਨ ਪੁੱਤ ਸ਼ਾਇਦ ਅੱਜ ਸਾਡੇ ਕੋਲ ਹੁੰਦਾ..।'

ਅੱਤਵਾਦ ਇਕ ਅਜਿਹੀ ਸਮੱਸਿਆ ਹੈ, ਜੋ ਕਿ ਸਮੇਂ ਦੀਆਂ ਸਰਕਾਰਾਂ ਦੀ ਦੇਣ ਹੁੰਦੀ ਹੈ। ਸਰਕਾਰ ਵੱਖ-ਵੱਖ ਜਨਸਮੂਹਾਂ ਦੀਆਂ ਜਾਇਜ਼ ਮੰਗਾਂ ਸਮੇਂ ਸਿਰ ਮੰਨਣ ਦੀ ਥਾਂ ਟਾਲਮਟੋਲ ਕਰਦੀ ਰਹਿੰਦੀ ਹੈ ਤੇ ਆਪਣਾ ਪੱਖ ਸਹੀ ਢੰਗ ਨਾਲ ਸੰਬੰਧਿਤ ਜਨ-ਸਮੂਹ ਨੂੰ ਸਮਝਾ ਕੇ ਉਨ੍ਹਾਂ ਦੀ ਮਨੋਸਥਿਤੀ ਅਤੇ ਸਮਾਜਿਕ ਜਾਂ ਆਰਥਿਕ ਦਸ਼ਾ ਸੁਧਾਰਨ ਦੀ ਥਾਂ ਦਮਨਕਾਰੀ ਨੀਤੀਆਂ ਅਤੇ ਕਾਰਵਾਈਆਂ ਦਾ ਸਹਾਰਾ ਲੈਂਦੀ ਹੈ, ਜਿਸ ਦੇ ਵਿਰੋਧ ਵਜੋਂ ਵੱਖ-ਵੱਖ ਜਨ-ਸਮੂਹਾਂ ਨੂੰ ਸ਼ਾਂਤਮਈ ਅੰਦੋਲਨ ਤਿਆਗ ਕੇ ਹਿੰਸਕ ਅੰਦੋਲਨਾਂ ਦਾ ਰਾਹ ਅਖ਼ਤਿਆਰ ਕਰਨਾ ਪੈਂਦਾ ਹੈ। ਸਰਕਾਰਾਂ ਕੋਲ ਮਨੋਵਿਗਿਆਨਕ ਗੱਲਬਾਤ, ਵਿੱਤੀ ਮਦਦ, ਸਮਾਜਿਕ ਬਰਾਬਰੀ ਪ੍ਰਦਾਨ ਕਰਨ ਤੇ ਪ੍ਰਸ਼ਾਸਨਿਕ ਦਬਾਅ ਦੇ ਸਾਰੇ ਬਦਲ ਮੌਜੂਦ ਹੁੰਦੇ ਹਨ, ਪਰ ਸਰਕਾਰਾਂ ਅਕਸਰ ਬਲ ਦੀ ਵਰਤੋਂ ਕਰਨ ਨੂੰ ਪਹਿਲ ਦਿੰਦੀਆਂ ਹਨ ਜਿਨ੍ਹਾਂ ਕਰਕੇ ਹਾਲਾਤ ਵਿਗੜਦੇ ਹਨ। ਪੰਜਾਬ ਵਿਚ ਅੱਤਵਾਦ ਦੇ ਵਿਗਸਣ ਪਿੱਛੇ ਸੰਨ 1978 ਵਿਚ ਵਾਪਰਿਆ ਇਕ ਸਿੱਖ ਹੱਤਿਆ ਕਾਂਡ ਅਤੇ ਸੰਨ 1984 ਵਿਚ ਹੋਇਆ ਅਪ੍ਰੇਸ਼ਨ ਬਲੂ ਸਟਾਰ ਅਤੇ ਦਿੱਲੀ ਵਿਚ ਵਾਪਰੇ ਸਿੱਖ ਦੰਗਿਆਂ ਜਿਹੇ ਕਾਂਡ ਸਿੱਧੇ ਤੌਰ 'ਤੇ ਜ਼ਿੰਮੇਵਾਰ ਮੰਨੇ ਜਾਂਦੇ ਹਨ। ਸਮੇਂ ਦੀਆਂ ਸਰਕਾਰਾਂ ਜਿਹੜਾ ਕੰਮ ਗੱਲਬਾਤ ਨਾਲ ਅਤੇ ਜਾਇਜ਼ ਮੰਗਾਂ ਪ੍ਰਤੀ ਸੁਹਿਰਦਤਾ ਵਿਖਾਅ ਕੇ ਕਰ ਸਕਦੀਆਂ ਸਨ, ਉਸ ਕੰਮ ਨੂੰ ਪੁਲਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੀਆਂ ਬੰਦੂਕਾਂ ਨਾਲ ਕਰਨ ਦਾ ਯਤਨ ਕੀਤਾ ਗਿਆ ਤੇ ਨਤੀਜਾ ਪੰਜਾਬ ਦੀ ਜਵਾਨੀ ਨੂੰ ਆਪਣੀ ਬਲੀ ਦੇ ਕੇ ਭੁਗਤਣਾ ਪਿਆ। ਨੌਜਵਾਨ ਚਾਹੇ ਗਰਮ ਖਿਆਲੀਆਂ ਵਾਲੇ ਪਾਸਿਉਂ ਮਾਰੇ ਗਏ ਤੇ ਚਾਹੇ ਪੁਲਸ ਵਾਲੇ ਪਾਸਿਉਂ, ਦੋਵਾਂ ਧਿਰਾਂ ਵਿਚਲੇ ਮਾਪਿਆਂ ਨੂੰ ਆਪਣੇ ਪੁੱਤਾਂ ਦੀਆਂ ਲਾਸ਼ਾਂ ਦਾ ਬੋਝ ਆਪਣੇ ਮੋਢਿਆਂ 'ਤੇ ਚੁੱਕਣਾ ਹੀ ਪਿਆ ਸੀ। ਅੱਜ ਵੀ ਜੰਮੂ-ਕਸ਼ਮੀਰ ਜਾਂ ਕਿਸੇ ਹੋਰ ਸੂਬੇ ਵਿਚ ਅੱਤਵਾਦੀਆਂ ਜਾਂ ਨਕਸਲੀਆਂ ਹੱਥੋਂ ਸ਼ਹੀਦ ਹੋਏ ਫ਼ੌਜੀ ਪੁੱਤ ਦੀ ਦੇਹ ਜਦੋਂ ਪੰਜਾਬ ਦੇ ਕਿਸੇ ਪਿੰਡ ਵਿਚ ਪੁੱਜਦੀ ਹੈ ਤਾਂ ਮਾਪਿਆਂ ਦੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ। ਆਪਣੇ ਪੁੱਤ ਦੀ

5-FEB-PAGE-5.qxd 2/4/2025 10:45 PM Page 1

ਸੁੱਤੀ ਸਰਕਾਰ ਤੇ ਪ੍ਰਸ਼ਾਸਨ ਨੂੰ ਜਗਾਉਣ ਲਈ ਅੰਦੋਲਨ ਨੂੰ ਹੋਰ ਤਿੱਖਾ ਕਰਾਂਗੇ : ਸੀਵਰੇਜ ਸੰਘਰਸ਼ ਕਮੇਟੀ

ਮਾਨਸਾ (ਆਤਮਾ ਸਿੰਘ ਪਮਾਰ)

ਸੀਵਰੇਜ ਸਿਸਟਮ ਦੇ ਮਾੜੇ ਪ੍ਰਬੰਧਾਂ ਕਾਰਨ ਸ਼ਹਿਰ ਵਿਚ ਫੈਲੇ ਗੰਦੇ ਪਾਣੀ ਕਰਕੇ ਭਿਆਨਕ ਬਿਮਾਰੀਆਂ ਅਤੇ ਮਹਾਂਮਾਰੀ ਨੂੰ ਰੋਕਣ, ਸੀਵਰੇਜ ਸਿਸਟਮ ਦੇ ਪੱਕੇ ਹੱਲ ਲਈ ਕੌਂਸਲਰਾਂ ਰਾਮਪਾਲ ਸਿੰਘ ਬੱਪੀਆਣਾ, ਅਮ੍ਰਿਤਪਾਲ ਗੋਗਾ, ਹੰਸਾ ਸਿੰਘ ਤੋਂ ਇਲਾਵਾ ਅਜੀਤ ਸਿੰਘ ਸਰਪੰਚ ਆਦਿ ਵੱਲੋਂ ਲਗਾਤਾਰ ਰੋਸ ਧਰਨਾ ਚਲਾਇਆ ਜਾ ਰਿਹਾ ਹੈ। ਅੱਜ ਧਰਨੇ ਦੇ 100 ਵੇਂ ਦਿਨ ਮੌਕੇ ਸ਼ਹਿਰੀ ਲੋਕਾਂ ਤੇ ਜਥੇਬੰਦੀਆਂ ਵੱਲੋਂ ਰੋਸ ਵਜੋਂ ਮੁੱਖ ਮੰਤਰੀ ਤੇ ਹਲਕਾ ਵਿਧਾਇਕ ਖਿਲਾਫ ਠੀਕਰੀਵਾਲਾ ਚੌਕ ਵਿਖੇ ਅਰਥੀ ਫੂਕ ਕੇ ਰੋਸ ਪ੍ਰਦਰਸਨ ਕੀਤਾ ਗਿਆ।

ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਰੁਲਦੂ ਸਿੰਘ ਮਾਨਸਾ, ਸੀ ਪੀ ਆਈ ਦੇ ਕ੍ਰਿਸ਼ਨ ਚੌਹਾਨ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਰਾਜਵਿੰਦਰ ਰਾਣਾ, ਅਜ਼ਾਦ ਸਮਾਜ ਪਾਰਟੀ ਦੇ ਭਗਵੰਤ ਸਮਾਓ, ਬੀ ਕੇ ਯੂ ਲੱਖੋਵਾਲ ਅਵੀ ਮੌਜ਼, ਉਘੇ ਸਮਾਜ ਸੇਵੀ ਤੇ ਸੇਵਾ ਮੁਕਤ ਅਧਿਕਾਰੀ ਡਾ. ਸੰਦੀਪ ਘੰਢ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਜਗਦੀਸ਼ ਰਾਏ, ਮਨਜੀਤ ਮੀਹਾਂ ਅਤੇ ਕਿਸਾਨ ਆਗੂ ਦਲਜੀਤ ਮਾਨਸ਼ਾਹੀਆ, ਜਸਵੰਤ ਸਿੰਘ ਬਹੁਜਨ ਮੁਕਤੀ ਪਾਰਟੀ ਆਦਿ ਆਗੂਆਂ ਨੇ ਖਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਸੀਵਰੇਜ ਸਿਸਟਮ ਪੂਰੀ ਤਰ੍ਹਾਂ ਨਕਾਰਾ ਅਤੇ ਬੇਕਾਬੂ ਹੋ ਚੁੱਕਾ ਹੈ, ਬੇਪ੍ਰਵਾਹ ਤੇ ਬੇਧਿਆਨੇ ਪ੍ਰਸ਼ਾਸਨ ਤੇ ਸਰਕਾਰ ਨੇ ਸ਼ਹਿਰ ਦੀ ਭਿਆਨਕ ਤੇ ਵੱਡੀ ਸਮੱਸਿਆ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੋਇਆ ਹੈ। ਜਿਸ ਦੇ ਸਿੱਟੇ ਵਜੋਂ ਸੜਕਾਂ ਅਤੇ ਘਰਾਂ ਤੱਕ ਫੈਲੇ ਗੰਦੇ ਪਾਣੀ ਕਾਰਨ ਕਾਰੋਬਾਰੀਆਂ ਤੇ ਸ਼ਹਿਰੀ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਧਰਨੇ ਮੌਕੇ ਕਰਨੈਲ ਸਿੰਘ ਮਾਨਸਾ, ਸੁਰਿੰਦਰਪਾਲ ਸ਼ਰਮਾ, ਰਤਨ ਭੋਲਾ, ਹਰਜਿੰਦਰ ਮਾਨਸ਼ਾਹੀਆ, ਬੂਟਾ ਸਿੰਘ ਬਰਨਾਲਾ, ਗਗਨਦੀਪ ਸਿਰਸੀਵਾਲਾ, ਦਲਵਿੰਦਰ ਸਿੰਘ, ਮੇਜਰ ਸਿੰਘ ਸਰਪੰਚ, ਸਾਬਕਾ ਕੌਂਸਲਰ ਗੁਰਦੀਪ ਦੀਪਾ, ਸਾਬਕਾ ਐਮ ਸੀ ਪੰਮੀ ਢੁੰਡਾ, ਸੁਖਦੇਵ ਪੰਧੇਰ, ਕੁਲਵੰਤ ਚਕੇਰੀਆਂ, ਮੱਖਣ ਸਿੰਘ, ਬਾਲਾ ਰਾਮ, ਗੁਰਸੇਵਕ ਸਿੰਘ, ਭੂਸਨ ਸਰਮਾ, ਅਮਰੀਕ ਸਿੰਘ, ਹਰਨੇਕ ਸਿੰਘ ਢਿੱਲੋਂ, ਸੁਖਚਰਨ ਦਾਨੇਵਾਲੀਆ, ਗੋਰਾ ਲਾਲ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਜਗਦੇਵ ਭੁਪਾਲ, ਬਿੱਕਰ ਸਿਤਾਰਾ ਨੇ ਵੀ ਸੰਬੋਧਨ ਕੀਤਾ।

ਜਦੋਂ ਥਾਣੇਦਾਰ ਨੇ ਦੋਸ਼ੀਆਂ ਨੂੰ ਛੱਡਣ ਬਦਲੇ ਹਲਕਾ ਵਿਧਾਇਕ ਦੀ ਫੋਨ 'ਤੇ ਰੇਲ ਬਣਾਈ !

ਸਮਰਾਲਾ (ਸੁਰਜੀਤ ਸਿੰਘ)

ਬਸੰਤ ਪੰਚਮੀ ਕਾਰਨ ਪਤੰਗਬਾਜ਼ੀ ਵਿਚ ਜਾਨਲੇਵਾ ਚਾਈਨਾ ਡੋਰ ਖਿਲਾਫ ਪੁਲਸ ਪ੍ਰਸ਼ਾਸਨ ਨੇ ਮੁਹਿੰਮ ਚਲਾਈ ਹੈ।ਜਿਸ ਦੇ ਤਹਿਤ ਪ੍ਰਸ਼ਾਸਨ ਵਲੋਂ ਚਾਈਨਾ ਡੋਰ ਵੇਚਣ ਵਾਲਿਆਂ 'ਤੇ ਸਖ਼ਤੀ ਕਰਦਿਆਂ ਗਿਰਫ਼ਤਾਰੀਆਂ ਕੀਤੀਆਂ। ਆਪਣੇ ਚਹੇਤਿਆਂ ਨੂੰ ਪੁਲਸ ਤੋਂ ਛੁਡਾਉਣ ਲਈ ਸਿਆਸੀ ਲੀਡਰ ਸਾਰੀਆਂ ਹੱਦਾਂ ਬੰਨੇ ਟੱਪ ਕੇ ਲੋਕਾਂ ਦੀ ਜਾਨ ਦੀ ਬਜਾਏ ਆਪਣੇ ਵੋਟ ਬੈਂਕ ਨੂੰ ਤਰਜੀਹ ਦਿੰਦੇ ਹਨ।ਇੱਕ ਦੋਸ਼ੀ ਨੂੰ ਛੁਡਾਉਣ ਲਈ ਇੱਕ ਪੰਜਾਬ ਦਾ ਇੱਕ ਹਲਕਾ ਵਿਧਾਇਕ ਕਿਸੇ ਥਾਣਾ ਇੰਚਾਰਜ ਨੂੰ ਫੋਨ 'ਤੇ ਧਮਕੀਆਂ ਦਿੰਦਾ ਹੈ।ਜਿਸ ਦਾ ਥਾਣਾ ਇੰਚਾਰਜ ਵਲੋਂ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਬਿਨਾਂ ਕਿਸੇ ਪਰਵਾਹ ਦੇ ਸਖ਼ਤੀ ਨਾਲ ਜਵਾਬ ਦਿੰਦਾ ਸੁਣਿਆ ਜਾ ਰਿਹਾ ਹੈ।ਇਹ ਵੀਡਿਓ ਰਿਕਾਰਡਿੰਗ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।ਹਲਕਾ ਵਿਧਾਇਕ ਥਾਣਾ ਇੰਚਾਰਜ ਨੂੰ ਕਹਿੰਦਾ ਹੈ ਕਿ ਜਿਹੜੇ ਵੀ ਬੰਦੇ ਤੂੰ ਫੜੇ ਹਨ ਉਨ੍ਹਾਂ ਨੂੰ ਘਰ ਭੇਜੋ, ਪਰ ਪੁਲਸ ਅਧਿਕਾਰੀ ਸਖ਼ਤੀ ਨਾਲ ਕਹਿੰਦਾ ਹੈ ਕਿ ਚਾਈਨਾ ਡੋਰ ਨਾਲ ਜਿਸ ਔਰਤ ਦਾ ਗਲ ਕੱਟਿਆ ਗਿਆ ਅਤੇ ਉਸ ਦਾ ਪਤੀ ਮੋਟਰਸਾਈਕਲ ਤੋਂ ਡਿੱਗ ਕੇ ਗੰਭੀਰ ਜ਼ਖਮੀ ਹੋ ਗਿਆ।ਉਹ ਬਚੇ ਖਵਰੇ ਨਾ, ਉਨ੍ਹਾਂ ਨੇ ਵੀ ਤੁਹਾਨੂੰ ਵੋਟ ਪਾਈ ਹੋਵੇਗੀ।ਇਸ 'ਤੇ ਵਿਧਾਇਕ ਕਹਿੰਦਾ ਹੈ ਕਿ ਚਾਈਨਾ ਡੋਰ ਤਾਂ ਸਾਰੇ ਸ਼ਹਿਰ ਵਿਚ ਵਿਕ ਰਹੀ ਹੈ। ਪੁਲਸ ਅਧਿਕਾਰੀ ਆਪਣੀ ਡਿਊਟੀ ਦਾ ਫਰਜ਼ ਸਮਝਦਾ ਹੋਇਆ ਟੱਸ ਤੋਂ ਮੱਸ ਨਹੀਂ ਹੁੰਦਾ ਅਤੇ ਵਿਧਾਇਕ ਨੂੰ ਕੋਰਾ ਜਵਾਬ ਦਿੰਦਾ ਹੈ ਕਿ ਫੜੇ ਬੰਦੇ ਨਹੀਂ ਛੱਡ ਹੋਣੇ।ਇਸ 'ਤੇ ਵਿਧਾਇਕ ਅਧਿਕਾਰੀ ਨੂੰ ਧਮਕੀ ਦਿੰਦਾ ਹੈ ਕਿ ਤੇਰਾ ਜੁੱਲੀ ਬਿਸਤਰ ਗੋਲ ਕਰ ਦਿਆਂਗੇ।ਤੇਰੀ ਬਦਲੀ ਪਠਾਨਕੋਟ ਦੀ ਕਰ ਦਿਆਂਗੇ।ਪਰ ਪੁਲਸ ਅਧਿਕਾਰੀ ਮਜ਼ਬੂਤੀ ਨਾਲ ਕਹਿੰਦਾ ਹੈ ਕਿ ਭਾਵੇਂ ਉਸ ਨੂੰ ਜੰਮੂ ਜਾਂ ਪਾਕਿਸਤਾਨ ਭੇਜ ਦਿਓ ਪਰ ਉਹ ਆਪਣੇ ਅਸੂਲ ਨੂੰ ਨਹੀਂ ਤੋੜ ਸਕਦਾ। ਉਸ ਕਿਹਾ ਕਿ ਜਦੋਂ ਤੋਂ ਉਸ ਨੇ ਵਰਦੀ ਪਾਈ ਹੈ ਉਹ ਤਨਖਾਹ ਤੋਂ ਇਲਾਵਾ ਇੱਕ ਪੈਸਾ ਵੀ ਘਰ ਲੈ ਕੇ ਨਹੀਂ ਗਿਆ ਅਤੇ ਆਪਣੇ ਅਸੂਲਾਂ 'ਤੇ ਕਾਇਮ ਰਿਹਾ, ਜਿਸ ਕਾਰਨ ਉਹ ਸਿਆਸੀ ਲੋਕਾਂ ਦੀ ਕਰੋਪੀ ਦਾ ਸ਼ਿਕਾਰ ਹੁੰਦਾ ਰਿਹਾ, ਪਰ ਉਸ ਨੇ ਕਦੇ ਪਰਵਾਹ ਨਹੀਂ ਕੀਤੀ।

ਡਾਕਟਰੀ ਪੇਸ਼ਾ ਸਮਾਜ ਦੀ ਤੰਦਰੁਸਤੀ ਤੇ ਵਿਕਾਸ ਲਈ ਮਹੱਤਵਪੂਰਨ : ਗਵਰਨਰ

ਫਰੀਦਕੋਟ (ਐਲਿਗਜੈਂਡਰ ਡਿਸੂਜਾ)

ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਨੇ ਆਪਣਾ 26ਵਾਂ ਬੈਂਚ ਕਨਵੋਕੇਸ਼ਨ ਸਮਾਰੋਹ ਮਨਾਇਆ, ਜੋ ਕਿ ਵਿਦਿਆਰਥੀਆਂ ਦੀ ਵਿੱਦਿਅਕ ਸਫਲਤਾ ਨੂੰ ਸਮਰਪਤ ਸੀ।ਇਸ ਸਮਾਰੋਹ ਦੌਰਾਨ ਯੂਨੀਵਰਸਿਟੀ ਦੇ ਸੰਬੰਧਤ ਅਤੇ ਕੰਸਟੀਚਿਊਂਟ ਕਾਲਜਾਂ ਦੇ 251 ਪੋਸਟਗ੍ਰੈਜੂਏਟ ਅਤੇ ਅੰਡਰਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ 251 ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 3 ਪੀ.ਐਚ.ਡੀ., 1 ਐਮ.ਚੀ.ਐਚ., 1 ਡੀ.ਐੱਮ., 48 ਐੱਮ.ਡੀ., 27 ਐੱਮ.ਐੱਸ., 2 ਐੱਮ.ਡੀ.ਐੱਸ., 19 ਐੱਮ.ਪੀ.ਟੀ., 22 ਐੱਮ.ਐੱਸ.ਸੀ. ਨਰਸਿੰਗ, 1 ਐੱਮ.ਐੱਸ.ਸੀ. ਐੱਮ.ਐਲ.ਟੀ. (ਮਾਈਕਰੋਬਾਇਓਲੋਜੀ), 51 ਐੱਮ.ਬੀ.ਬੀ.ਐੱਸ., 16 ਬੀ. ਫਾਰਮੇਸੀ, 36 ਬੀ.ਐੱਸ.ਸੀ. ਨਰਸਿੰਗ, 3 ਬੀ.ਐੱਸ.ਸੀ. ਮੈਡੀਕਲ ਲੈਬ ਟੈਕਨੋਲੋਜੀ (ਨਵੀਂ ਯੋਜਨਾ), 2 ਬੀ.ਡੀ.ਐੱਸ., 18 ਬੀ.ਪੀ.ਟੀ. ਅਤੇ 1 ਬੀ.ਐੱਸ.ਸੀ. ਰੇਡੀਓਥੈਰੇਪੀ ਟੈਕਨੋਲੋਜੀ ਸ਼ਾਮਲ ਹਨ।ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਸਨਮਾਨਤ ਕਰਦੇ ਹੋਏ 3 ਚਾਂਸਲਰ ਮੈਡਲ, 22 ਗੋਲਡ ਮੈਡਲ ਅਤੇ 3 ਸਿਲਵਰ ਮੈਡਲ ਪ੍ਰਦਾਨ ਕੀਤੇ ਗਏ। ਸੀਤਾ ਰਾਮ ਜਿੰਦਲ ਫਾਊਂਡੇਸ਼ਨ ਵੱਲੋਂ ਐਮ ਬੀ ਬੀ ਐਸ ਟੌਪਰਾਂ ਲਈ ਗੋਲਡ ਮੈਡਲ ਸਪਾਂਸਰ ਕੀਤੇ ਗਏ।ਗੁਲਾਬ ਚੰਦ ਕਟਾਰੀਆ, ਮਾਣਯੋਗ ਗਵਰਨਰ ਪੰਜਾਬ ਅਤੇ ਚਾਂਸਲਰ ਇਸ ਸਮਾਰੋਹ ਦੇ ਮੁੱਖ ਅਤਿਥੀ ਸਨ। ਉਨ੍ਹਾਂ ਕਿਹਾ ਕਿ ਡਾਕਟਰੀ ਪੇਸ਼ਾ ਸਮਾਜ ਦੀ ਤੰਦਰੁਸਤੀ ਅਤੇ ਵਿਕਾਸ ਲਈ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਸਮਰਪਣ, ਇਮਾਨਦਾਰੀ ਅਤੇ ਨੈਤਿਕਤਾ ਨਾਲ ਆਪਣੇ ਵਿਰਸੇ ਨੂੰ ਸੰਭਾਲਣ।ਉਨ੍ਹਾਂ ਨੇ ਉਪ-ਕੁਲਪਤੀ ਪ੍ਰੋ. (ਡਾ.) ਰਾਜੀਵ ਸੂਦ ਦੀ ਪ੍ਰਸੰਸਾ ਕੀਤੀ ਕਿ ਉਨ੍ਹਾਂ ਨੇ ਪੰਜਾਬ ਰਾਜ ਵਿੱਚ ਸਿਹਤ ਸਿੱਖਿਆ ਦੀ ਤਰੱਕੀ ਲਈ ਕਈ ਨਵੇਂ ਕੋਰਸ ਸ਼ੁਰੂ ਕੀਤੇ ਹਨ।ਉਪ-ਕੁਲਪਤੀ ਪ੍ਰੋ. (ਡਾ.) ਰਾਜੀਵ ਸੂਦ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਨਵੋਕੇਸ਼ਨ ਤੁਹਾਡੀ ਪ੍ਰੋਫੈਸ਼ਨਲ ਜ਼ਿੰਦਗੀ ਦੀ ਸ਼ੁਰੂਆਤ ਹੈ। ਇਸ ਮੌਕੇ ਕਈ ਡਾ. ਗੁਰਪ੍ਰੀਤ ਸਿੰਘ ਵਾਂਦਰ (ਚੇਅਰਮੈਨ, ਬੋਰਡ ਆਫ ਮੈਨੇਜਮੈਂਟ), ਵਿਵੇਕ ਪ੍ਰਤਾਪ ਸਿੰਘ, (ਪ੍ਰਿੰਸੀਪਲ ਸੈਕਰਟਰੀ, ਗਵਰਨਰ ਪੰਜਾਬ), ਕੁਮਾਰ ਰਾਹੁਲ (ਪ੍ਰਿੰਸੀਪਲ ਸੈਕਰਟਰੀ, ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਪੰਜਾਬ), ਗੁਰਦਿਤ ਸਿੰਘ ਸੇਖੋਂ (ਵਿਧਾਇਕ), ਡਾ. ਅਵਨੀਸ਼ ਕੁਮਾਰ (ਡਾਇਰੈਕਟਰ ਆਰ.ਐੱਮ.ਈ.), ਮਨਜੀਤ ਸਿੰਘ (ਕਮਿਸ਼ਨਰ ਫਰੀਦਕੋਟ ਡਵੀਜ਼ਨ), ਬਲਜੀਤ ਸ਼ਰਮਾ (ਅਸਿਸਟੈਂਟ ਸਟੇਸ਼ਨ ਡਾਇਰੈਕਟਰ, ਆਲ ਇੰਡੀਆ ਰੇਡੀਓ), ਡਾ. ਆਰ.ਕੇ. ਗੋਰੇਆ (ਰਜਿਸਟਰਾਰ), ਡਾ. ਦੀਪਕ ਜੇ. ਭੱਟੀ (ਡੀਨ, ਕਾਲਜਸ), ਡਾ. ਰਾਜੀਵ ਜੋਸ਼ੀ (ਕੰਟਰੋਲਰ ਆਫ ਐਗਜ਼ਾਮੀਨੇਸ਼ਨ), ਡਾ. ਰੋਹਿਤ ਚੋਪੜਾ (ਐਡਿਸ਼ਨਲ ਰਜਿਸਟਰਾਰ), ਡਾ. ਸੰਜੇ ਗੁਪਤਾ (ਪ੍ਰਿੰਸੀਪਲ) ਡਾ. ਬਿਸ਼ਵ ਮੋਹਨ (ਮੈਂਬਰ ਬੀ ਓ ਐਮ), ਡਾ. ਅਰੁਣ ਕੁਮਾਰ ਅਗਰਵਾਲ (ਡੀਨ, ਫੈਕਲਟੀ ਆਫ ਮੈਡੀਕਲ ਸਾਇੰਸਜ਼), ਡਾ. ਜਨਕ ਰਾਜ ਸਬਰਵਾਲ (ਡੀਨ, ਫੈਕਲਟੀ ਆਫ ਡੈਂਟਲ ਸਾਇੰਸਜ਼), ਡਾ. ਕਵਲਜੀਤ ਸਿੰਘ ਕੌਰਾ, ਅਤੇ ਡਾ. ਨੀਤੂ ਕੁਕਰ (ਮੈਡੀਕਲ ਸੁਪਰਡੈਂਟ) ਸ਼ਾਮਲ ਸਨ।ਇਸ ਸਮਾਰੋਹ 'ਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਅਤੇ ਯੂਨੀਵਰਸਿਟੀ ਦੇ ਅਧਿਕਾਰੀਆਂ ਤੇ ਕਰਮਚਾਰੀ ਨੇ ਵੀ ਸ਼ਾਮੂਲੀਅਤ ਕੀਤੀ।

ਕਾਤਰਾਂ

6 ਪੇਟੀਆਂ ਅੰਗਰੇਜ਼ੀ ਸ਼ਰਾਬ ਬਰਾਮਦ, ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 6 ਪੇਟੀਆਂ ਅੰਗਰੇਜ਼ੀ ਸ਼ਰਾਬ ਬਰਾਮਦ ਹੋਣ 'ਤੇ ਇਕ ਵਿਅਕਤੀ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਪੁਲਸ ਪਾਰਟੀ ਗਸ਼ਤ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਦੇ ਕੋਲ ਪੁੱਜੇ ਤਾਂ ਇਕ ਕਾਰ ਮਾਰਕਾ ਵਰਨਾ ਰੰਗ ਚਿੱਟਾ ਦਿਖਾਈ ਦਿੱਤੀ, ਜਿਸ ਨੂੰ ਪੁਲਸ ਨੇ ਸ਼ੱਕ ਹੋਣ 'ਤੇ ਰੋਕ ਕੇ ਚੈਕਿੰਗ ਕੀਤੀ ਗਈ ਤਾਂ ਉਸ ਵਿਚੋਂ 6 ਪੇਟੀਆਂ ਸ਼ਰਾਬ ਅੰਗਰੇਜ਼ੀ ਵੱਖ ਵੱਖ ਮਾਰਕਾ ਬਰਾਮਦ ਹੋਈ। ਬਿਨਾਂ ਲਾਇਸੰਸ ਸ਼ਰਾਬ ਆਪਣੀ ਗੱਡੀ ਵਿਚ ਰੱਖਣ ਦੇ ਦੋਸ਼ ਵਿਚ ਸੁਨੀਲ ਕੁਮਾਰ ਪੁੱਤਰ ਹਕੂਮਤ ਰਾਏ ਵਾਸੀ ਪੰਜੇਕੇ ਉਤਾੜ (ਗੁਰੂਹਰਸਹਾਏ) ਦੇ ਖਿਲਾਫ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੀ ਗੱਡੀ 'ਤੇ ਫਾਇਰਿੰਗ

ਜ਼ੀਰਾ (ਨਰਿੰਦਰ ਅਨੇਜਾ)-ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਕੱਲ੍ਹ ਰਾਤ 8:30 ਵਜੇ ਦੇ ਕਰੀਬ ਫਿਰੋਜ਼ਪੁਰ ਤੋਂ ਜ਼ੀਰਾ ਕਿਸੇ ਪ੍ਰੋਗਰਾਮ ਤੋਂ ਵਾਪਸ ਆ ਰਹੇ ਸਨ। ਉਨ੍ਹਾਂ ਦੇਖਿਆ ਕਿ ਪਿੰਡ ਸ਼ੇਰਖਾਨ ਦੇ ਨਜ਼ਦੀਕ ਇੱਕ ਗੱਡੀ ਕਰੇਟਾ ਉਨ੍ਹਾਂ ਪਿੱਛਾ ਕਰ ਰਹੀ ਹੈ ਤਾਂ ਉਨ੍ਹਾਂ ਆਪਣੇ ਡਰਾਈਵਰ ਨੂੰ ਗੱਡੀ ਦੀ ਸਪੀਡ ਵਧਾਉਣ ਲਈ ਕਿਹਾ। ਇੰਨੇ ਵਿੱਚ ਹੀ ਕਰੇਟਾ ਗੱਡੀ ਦੇ ਵਿੱਚ ਬੈਠਿਆਂ ਆਦਮੀਆਂ ਨੇ ਉਨ੍ਹਾਂ ਦੀ ਗੱਡੀ 'ਤੇ ਫਾਇਰਿੰਗ ਕੀਤੀ। ਗੱਡੀ ਦੀ ਸਪੀਡ ਤੇਜ਼ ਹੋਣ ਕਾਰਨ ਉਹ ਵਾਲ ਵਾਲ ਬਚ ਗਏ। ਉਨ੍ਹਾਂ ਦੱਸਿਆ ਕਿ ਕਈ ਵਾਰ ਉਨ੍ਹਾਂ ਨੂੰ ਵਟਸਐਪ ਕਾਲ 'ਤੇ ਮਾਰਨ ਦੀਆਂ ਧਮਕੀਆਂ ਆ ਰਹੀਆਂ ਸਨ। ਉਨ੍ਹਾਂ ਦੀ ਸਕਿਉਰਟੀ ਵਧਾਈ ਜਾਵੇ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਨੂੰ ਸੀ ਸੀ ਟੀ ਵੀ ਕੈਮਰੇ ਵਿੱਚੋਂ ਕਰੇਟਾ ਗੱਡੀ ਦੀਆਂ ਫੋਟੋਆਂ ਕਢਵਾ ਕੇ ਦੇ ਦਿੱਤੀਆਂ ਹਨ। ਗੱਡੀ ਦੀ ਸਪੀਡ ਤੇਜ਼ ਹੋਣ ਕਾਰਨ ਗੱਡੀ ਦਾ ਨੰਬਰ ਨਜ਼ਰ ਨਹੀਂ ਆ ਰਿਹਾ। ਪੁਲਸ ਦੋਸ਼ੀਆਂ ਦੀ ਭਾਲ ਕਰ ਰਹੀ ਹੈ।

ਪ੍ਰਭ ਆਸਰਾ ਨਿਆਸਰਿਆਂ ਦੇ ਘਰ ਦਿੱਤੀ ਧਨ ਰਾਸ਼ੀ

ਇੱਥੇ ਸਟਾਫ ਕਲੱਬ ਚੌਕ ਨੇੜੇ ਸੀਟੂ ਦਫ਼ਤਰ ਵਿਖੇ ਵੱਖ-ਵੱਖ ਜਥੇਬੰਦੀਆਂ ਦੀ ਇਹ ਇੱਕ ਸਾਂਝੀ ਮੀਟਿੰਗ ਪ੍ਰੇਮ ਚੰਦ ਜੱਟਪੁਰ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਮੁੱਖ ਤੌਰ 'ਤੇ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਮਹਾਂ ਸਿੰਘ ਰੋੜੀ, ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਜਿੰਦਰ ਪੰਡਤ ਅਤੇ ਸੀਆਈਟੀਯੂ ਦੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਚਿੰਤਾ ਜਾਹਿਰ ਕੀਤੀ ਗਈ ਕਿ ਪਿਛਲੇ ਸਮੇਂ ਬੀਬੀਐਮਬੀ ਫੀਲਡ ਇੰਪਲਾਈਜ ਯੂਨੀਅਨ ਦੇ ਪ੍ਰਧਾਨ ਵਿਨੋਦ ਭੱਟੀ ਅਤੇ ਸਕੱਤਰ ਰਾਜਾ ਸਿੰਘ ਦੀ ਸਥਾਨਕ ਬੀਬੀਐਮਬੀ ਹਸਪਤਾਲ ਦੇ ਇੱਕ ਡਾਕਟਰ ਨਾਲ ਹੋਈ ਵੱਧ ਘੱਟ ਦੀ ਪੁਲਸ ਵੱਲੋਂ ਪਰਚਾ ਦਰਜ ਕਰਨ ਤੋਂ ਬਾਅਦ ਦੋਵਾਂ ਧਿਰਾਂ ਦਾ ਆਪਸੀ ਸਮਝੌਤਾ ਕਰਵਾ ਦਿੱਤਾ ਗਿਆ ਸੀ। ਪਰ ਹੁਣ ਪੁਲਸ ਦੀ ਮੌਜੂਦਗੀ ਵਿਚ ਜੋ ਸਮਝੌਤਾ ਕਰਵਾਇਆ ਗਿਆ ਸੀ ਉਸ ਨੂੰ ਲਾਗੂ ਨਹੀਂ ਕਰਵਾਇਆ ਗਿਆ।ਇਸ ਸਬੰਧੀ ਜਥੇਬੰਦੀਆਂ ਦੇ ਵਰਕਰਾਂ ਤੇ ਆਗੂਆਂ ਨੇ ਫੈਸਲਾ ਕੀਤਾ ਕਿ ਪੰਜਾਬ ਪੁਲਸ ਦੇ ਸਥਾਨਕ ਡੀ ਐਸ ਪੀ ਕੁਲਵੀਰ ਸਿੰਘ ਸੰਧੂ ਅਤੇ ਥਾਣਾ ਮੁਖੀ ਰਾਹੁਲ ਸ਼ਰਮਾ ਨੂੰ ਇਕ ਡੈਪੂਟੇਸ਼ਨ ਮਿਲ ਕੇ ਉਸ ਫੈਸਲੇ ਨੂੰ ਲਾਗੂ ਕਰਾਉਣ ਦੀ ਮੰਗ ਕੀਤੀ ਜਾਵੇਗੀ।ਮੀਟਿੰਗ ਵਿੱਚ ਸੁਖਦੇਵ ਸਿੰਘ, ਰਘਵੀਰ ਸਿੰਘ ਦਰਸ਼ੀ, ਸ਼ਿਵ ਕੁਮਾਰ, ਬਲਵੀਰ ਸਿੰਘ, ਸ਼ੈਲੀ ਸ਼ਰਮਾ, ਪ੍ਰਾਣ ਨਾਥ, ਜਰਨੈਲ ਸਿੰਘ ਜੈਲਾ, ਵਿਜੈ ਰਾਣਾ, ਕੁਲਵੰਤ ਪਾਠਕ ਵੀ ਹਾਜ਼ਰ ਸਨ।

3368.89 ਕਰੋੜ ਰੁਪਏ ਪੈਨਸ਼ਨ ਰਾਸ਼ੀ ਵੰਡੀ : ਡਾ. ਬਲਜੀਤ ਕੌਰ

ਚੰਡੀਗੜ੍ਹ, (ਗੁਰਜੀਤ ਬਿੱਲਾ)—ਸਰਕਾਰ ਵੱਲੋਂ ਬਜ਼ੁਰਗ ਪੈਨਸ਼ਨ ਧਾਰਕਾਂ ਨੂੰ ਮਹੀਨਾ ਦਸੰਬਰ 2024 ਤੱਕ ਦੀ ਪੈਨਸ਼ਨ ਰਾਸ਼ੀ ਦੇ 3368.89 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਰਕਾਰ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਵੱਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਵੱਖ-ਵੱਖ ਵਰਗਾਂ ਦੇ ਕੁੱਲ 34 ਲੱਖ ਲਾਭਪਾਤਰੀ ਹਨ, ਜਿਨ੍ਹਾਂ ਵਿੱਚ ਬਜ਼ੁਰਗ, ਦਿਵਿਆਂਗ, ਵਿਧਵਾ ਤੇ ਬੇਸਹਾਰਾ ਔਰਤਾਂ ਅਤੇ ਆਸ਼ਰਿਤ ਬੱਚੇ ਸ਼ਾਮਲ ਹਨ।ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਕੁੱਲ 22.68 ਲੱਖ ਬਜ਼ੁਰਗ ਲਾਭਪਾਤਰੀ ਹਨ, ਜਿਨ੍ਹਾਂ ਨੂੰ ਮਹੀਨਾ ਦਸੰਬਰ 2024 ਤੱਕ ਦੀ ਪੈਨਸ਼ਨ ਰਾਸ਼ੀ ਦੇ 3368.89 ਕਰੋੜ ਵੰਡੇ ਜਾ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਵੱਖ-ਵੱਖ ਪੈਨਸ਼ਨ ਸਕੀਮਾਂ ਲਈ ਕੁੱਲ 5924.50 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਹੈ ਜਿਸ ਵਿੱਚੋਂ ਬੁਢਾਪਾ ਪੈਨਸ਼ਨ ਲਈ ਚਾਲੂ ਸਾਲ ਦੌਰਾਨ 4000 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ 65 ਜਾਂ ਉਸ ਤੋਂ ਉਪਰ ਉਮਰ ਦੇ ਬਜ਼ੁਰਗ ਵਿਅਕਤੀ ਅਤੇ 58 ਸਾਲ ਜਾਂ ਉਸ ਤੋਂ ਉਪਰ ਉਮਰ ਦੀਆਂ ਮਹਿਲਾਵਾਂ, ਜਿਨ੍ਹਾਂ ਦੀ ਸਾਲਾਨਾ ਆਮਦਨ 60,000 ਰੁਪਏ ਤੋਂ ਵੱਧ ਨਾ ਹੋਵੇ, ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ।ਮੰਤਰੀ ਨੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ। ਬਜ਼ੁਰਗਾਂ ਦੀ ਸਿਹਤ ਸਰਵੇਖਣ ਸਬੰਧੀ ਸੂਬੇ ਵਿੱਚ ਸਰਵੇਖਣ ਕੀਤਾ ਜਾ ਰਿਹਾ ਹੈ।

ਇਨੋਸੈਂਟ ਹਾਰਟਸ ਸਕੂਲ ਦੇ ਪ੍ਰੀ ਪ੍ਰਾਈਮਰੀ 'ਚ ਨਵੇਂ ਪ੍ਰਵੇਸ਼ਕਾਂ ਦੇ ਮਾਤਾ- ਪਿਤਾ ਲਈ ਔਰਗੇਟੇਸ਼ਨ ਪ੍ਰੋਗਰਾਮ

ਜਲੰਧਰ (ਸ਼ੈਲੀ ਐਲਬਰਟ)

ਇੰਨੋਸੈਂਟ ਹਾਰਟਸ ਸਕੂਲ ਦੇ ਪ੍ਰੀ ਪ੍ਰਾਈਮਰੀ ਵਿੱਚ ਸਾਲ 2025- 26 ਲਈ ਨਰਸਰੀ ਵਿੱਚ ਪ੍ਰਵੇਸ਼ ਪਾਉਣ ਵਾਲੇ ਬੱਚਿਆਂ ਦੇ ਮਾਤਾ-ਪਿਤਾ ਲਈ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੀ ਪ੍ਰਾਈਮਰੀ ਦੇ ਇੰਚਾਰਜ ਵੱਲੋਂ

ਮਾਤਾ-ਪਿਤਾ ਦਾ ਸਵਾਗਤ ਕੀਤਾ ਗਿਆ। ਉਹਨਾਂ ਨੇ ਮਾਤਾ ਪਿਤਾ ਨੂੰ ਸਕੂਲ ਦੇ ਨਿਯਮਾਂ ਦੀ ਜਾਣਕਾਰੀ ਦਿੱਤੀ।ਬੱਚਿਆਂ ਨੂੰ ਆਰਜ਼ੀ ਆਈ ਕਾਰਡ ਵੀ ਵੰਡੇ ਗਏ।ਇਸ ਮੌਕੇ ਤੇ ਇੰਨੋਸੈਂਟ ਹਾਰਟ ਗਰੀਨ ਮਾਡਲ ਟਾਊਨ ਵਿੱਚ ਡਾ. ਆਭਾ ਅਰੋੜਾ (ਪਬਲਿਸ਼ਡ ਐਂਡ ਅਰਲੀ ਏਅਰ ਸਪੈਸ਼ਲਿਸਟ ਐਜੂਕੇਸ਼ਨਿਸਟ ਐਂਡ ਰੈਟਿੰਗ ਕੋਰਸ) ਨੇ ਮਾਤਾ- ਪਿਤਾ ਦੇ ਨਾਲ ਸਾਂਝੇ ਕੀਤੇ, ਜੋ ਉਹਨਾਂ ਬੱਚਿਆਂ ਦੇ ਪਰਵਰਿਸ਼ ਲਈ ਮਦਦਗਾਰ ਸਾਬਿਤ ਹੋਣਗੇ ।ਉਹਨਾਂ ਨੇ ਮਾਤਾ-ਪਿਤਾ ਨੂੰ ਨਵੀਂ ਸਿੱਖਿਆ ਪ੍ਰਣਾਲੀ ਤੋਂ ਅਵਗਤ ਕਰਵਾਇਆ । ਉਹਨਾਂ ਨੇ ਬੱਚਿਆਂ ਦੀ ਭੋਜਨ ਵਿੱਚ ਪੌਸ਼ਕ ਤੱਤਾਂ ਦੀ ਜ਼ਰੂਰਤ ਬਾਰੇ ਜਾਣਕਾਰੀ ਦਿੱਤੀ ਅਤੇ ਉਹਨਾਂ ਦੇ ਆਸ਼ੰਕਾਂ ਦਾ ਸਮਾਧਾਨ ਵੀ ਕੀਤਾ।ਉਹਨਾਂ ਨੇ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦੇ ਨਾਲ ਕੁਆਲਿਟੀ ਟਾਈਮ ਬਿਤਾਨ ਦੀ ਸਲਾਹ ਦਿੱਤੀ ਅਤੇ ਮਾਤਾ ਪਿਤਾ ਦੇ ਨਾਲ ਕਈ ਐਕਟੀਵਿਟੀਜ ਵੀ ਕੀਤੀਆਂ, ਜੋ ਉਹ ਘਰ ਵਿੱਚ ਆਪਣੇ ਬੱਚਿਆਂ ਨਾਲ ਕਰ ਸਕਦੇ ਹਨ। ਡਾਇਰੈਕਟਰ ਸੀਐਸਆਰ ਡਾ. ਪਲਕ ਗੁਪਤਾ ਬੋਗੀ ਨੇ ਮਾਤਾ- ਪਿਤਾ ਨੂੰ ਉਹਨਾਂ ਦੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਦੱਸਿਆ ਕਿ ਪ੍ਰਾਰੰਭਿਕ ਜਮਾਤਾਂ ਫਰਵਰੀ ਦੇ ਮਹੀਨੇ ਪਹਿਲੇ ਹਫ਼ਤੇ ਸ਼ੁਰੂ ਹੋ ਜਾਣਗੀਆਂ।ਇਸ ਸਮੇਂ ਦੌਰਾਨ ਉਹ ਓਪਚਾਰਿਕ ਸਕੂਲਿੰਗ ਲਈ ਸਿੱਖਿਆ ਵਿਧੀਆਂ ਦੇ ਮਾਧਿਅਮ ਨਾਲ ਬੱਚਿਆਂ ਨੂੰ ਤਿਆਰ ਕਰਨਗੇ।

ਸੁਖਬੀਰ ਬਾਦਲ ਵੱਲੋਂ ਬਲੋ ਮਾਜਰਾ ਕਬੱਡੀ ਕੱਪ ਦਾ ਪੋਸਟਰ ਜਾਰੀ

ਮੋਹਾਲੀ, (ਗੁਰਜੀਤ ਬਿੱਲਾ)

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਬਲੋ ਮਾਜਰਾ ਕਬੱਡੀ ਕੱਪ ਦਾ ਰਸਮੀ ਪੋਸਟਰ ਜਾਰੀ ਕੀਤਾ। ਉਨ੍ਹਾਂ ਨੇ ਕਬੱਡੀ ਨੂੰ ਪੰਜਾਬ ਦੀ ਸ

5-FEB-PAGE-10.qxd 2/4/2025 10:42 PM Page 1

ਸ਼ਿਵਾਲਿਕ ਕਿਡਜ਼ ਸਕੂਲ ਦੇ ਵਿਦਿਆਰਥੀਆਂ ਨੇ ਜਨਰਲ ਨਾਲੇਜ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

ਜੈਤੋ (ਸਤੀਸ਼ ਕੁਮਾਰ ਭੀਗੀ)-ਇਲਾਕੇ ਦੀ ਨਾਮਵਰ ਸਿੱਖਿਅਕ ਸੰਸਥਾ ਸ਼ਿਵਾਲਿਕ ਕਿਡਜ਼ ਸਕੂਲ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ ਨੇ ਦੱਸਿਆ ਕਿ ਸਿਲਵਰ ਜੌਹਨ ਓਲੰਪੀਆਡ (ਜਨਰਲ ਨਾਲੇਜ) ਦੀ ਪ੍ਰੀਖਿਆ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ।ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕੀਤੇ। ਤੀਜੀ ਜਮਾਤ ਦੇ ਵਿਦਿਆਰਥੀ ਯੁਵਰਾਜ ਸਿੰਘ ਨੇ ਸੋਨ ਤਗਮਾ, ਚੌਥੀ ਜਮਾਤ ਦੇ ਵਿਦਿਆਰਥੀ ਅਭਿਨਵ ਸ਼ਰਮਾ ਨੇ ਸੋਨ ਤਗਮਾ, ਪੰਜਵੀਂ ਜਮਾਤ ਦੇ ਵਿਦਿਆਰਥੀ ਗਿਸ਼ਵ ਗੋਸਾਈਂ ਨੇ ਚਾਂਦੀ ਦਾ ਤਗਮਾ ਅਤੇ ਵੈਭਵ ਜਿੰਦਲ ਨੇ ਸੋਨ ਤਗਮਾ ਜਿੱਤਿਆ।ਇਨ੍ਹਾਂ ਜੇਤੂ ਵਿਦਿਆਰਥੀਆਂ ਨੇ ਆਪਣੇ ਸਕੂਲ, ਆਪਣੇ ਅਧਿਆਪਕਾਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਸਕੂਲ ਦੀ ਮੁੱਖ ਅਧਿਆਪਕਾ ਸੁਖਵਿੰਦਰ ਕੌਰ ਅਤੇ ਪ੍ਰਬੰਧਕ ਕਮੇਟੀ ਨੇ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਹਰ ਇੱਕ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਰੇਲਵੇ ਸਟੇਸ਼ਨ ਤੋਂ ਮਿਲਿਆ ਲਾਵਾਰਸ ਬੱਚਾ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਭਜਨ ਸਿੰਘ ਮਹਿਮੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 3 ਫਰਬਰੀ ਨੂੰ ਜੀ.ਆਰ.ਪੀ. ਮੰਡੀ ਗੋਬਿੰਦਗੜ੍ਹ ਵੱਲੋਂ ਲਾਵਾਰਸ ਹਾਲਤ ਵਿੱਚ ਮਿਲੇ ਬੱਚੇ ਬਾਰੇ ਸੂਚਨਾ ਪ੍ਰਾਪਤ ਹੋਈ ਸੀ।ਇਹ ਬੱਚਾ ਮੰਡੀ ਗੋਬਿੰਦਗੜ੍ਹ ਦੇ ਰੇਲਵੇ ਸਟੇਸ਼ਨ ਪਲੇਟ ਫਾਰਮ ਨੰਬਰ 2 ਤੋਂ ਮਿਲਿਆ ਹੈ।ਉਨ੍ਹਾਂ ਦੱਸਿਆ ਕਿ ਬੱਚੇ ਦਾ ਨਾਮ ਆਰਿਅਨ ਹੈ ਅਤੇ ਉਸ ਦੀ ਉਮਰ ਲਗਭਗ 7-8 ਸਾਲ ਦੀ ਹੈ।ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਬੱਚੇ ਦੇ ਪਿਤਾ ਦਾ ਨਾਂਅ ਅਮਿਤ ਚੌਧਰੀ, ਮਾਤਾ ਦਾ ਨਾਂਅ ਵੀਨਾ ਦੇਵੀ, ਭੈਣ ਦਾ ਨਾਂਅ ਅੰਕਿਤਾ ਅਤੇ ਭਰਾ ਦਾ ਨਾਂ ਜਾਮਿਨ ਹੈ।ਬੱਚੇ ਨੇ ਆਪਣਾ ਪਤਾ ਲੁਧਿਆਣਾ ਸ਼ਹਿਰ ਦੇ ਭੋਲੇ ਨਾਥ ਮੰਦਰ ਦੇ ਕੋਲ ਦਾ ਦੱਸਿਆ ਹੈ।ਉਨ੍ਹਾਂ ਦੱਸਿਆ ਕਿ ਬੱਚੇ ਦਾ ਰੰਗ ਸਾਂਵਲਾ, ਸਿਰ ਦੇ ਵਾਲ ਕੱਟੇ ਹੋਏ, ਕੱਦ ਕਰੀਬ ਸਾਢੇ 3 ਫੁੱਟ, ਬੱਚੇ ਨੇ ਲਾਲ ਰੰਗ ਦੀ ਸਵੈਟ ਸ਼ਰਟ ਅਤੇ ਭੂਰੇ ਰੰਗ ਦਾ ਲੋਅਰ ਪਹਿਨਿਆ ਹੋਇਆ ਹੈ। ਬੱਚੇ ਦੇ ਪੈਰਾ ਵਿੱਚ ਕਾਲੇ ਰੰਗ ਦੇ ਟੁੱਟੇ ਹੋਏ ਜੁੱਤੇ ਪਾਏ ਹੋਏ ਹਨ। ਬੱਚਾ ਤੋਤਲਾ ਬੋਲਦਾ ਹੈ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਇਸ ਬੱਚੇ ਦੇ ਮਾਪਿਆਂ ਬਾਰੇ ਜਾਣਦਾ ਹੈ ਤਾਂ ਉਹ ਤੁਰੰਤ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨਾਲ ਸਿੱਧੇ ਤੌਰ 'ਤੇ ਜਾਂ ਟੈਲੀਫੋਨ ਨੰ. 99143-10010 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਵਿਧਾਇਕ ਛੀਨਾ ਵੱਲੋਂ ਪਾਣੀ ਤੇ ਸੀਵਰੇਜ ਲਾਈਨ ਦਾ ਉਦਘਾਟਨ

ਲੁਧਿਆਣਾ (ਰਾਜ ਸਿੰਗਲਾ)-ਜਲ ਸਪਲਾਈ ਅਤੇ ਸੀਵਰੇਜ ਸਿਸਟਮ ਨੂੰ ਮਜ਼ਬੂਤ ਅਤੇ ਬਿਹਤਰ ਬਣਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਸਥਾਨਕ ਵਾਰਡ ਨੰਬਰ 36 ਅਧੀਨ ਗਰਗ ਕਲੋਨੀ, ਸਟਾਰ ਰੋਡ ਵਿਖੇ ਪਾਣੀ ਅਤੇ ਸੀਵਰੇਜ ਲਾਈਨ ਕਾਰਜ਼ਾਂ ਦਾ ਉਦਘਾਟਨ ਕੀਤਾ। ਵਿਧਾਇਕ ਛੀਨਾ ਨੇ ਦੱਸਿਆ ਕਿ ਵਾਰਡ ਨੰਬਰ 36 ਵਿਖੇ ਸੀਵਰੇਜ ਅਤੇ ਪਾਣੀ ਦੀਆਂ ਪਾਈਪਾਂ ਵਿਛਾਈਆਂ ਜਾਣਗੀਆਂ ਅਤੇ ਇਸ ਪ੍ਰੋਜੈਕਟ ਤਹਿਤ ਕਰੀਬ 78 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਸਥਾਨਕ ਵਸਨੀਕਾਂ ਦੀਆਂ ਸੀਵਰੇਜ ਅਤੇ ਪਾਣੀ ਦੀ ਸਮੱਸਿਆ ਤੋਂ ਰਾਹਤ ਮਿਲੇਗੀ ਅਤੇ ਵਿਕਾਸ ਦਾ ਰਾਹ ਵੀ ਪੱਧਰਾ ਹੋਵੇਗਾ। ਇਸ ਮੌਕੇ ਡਾ. ਮੰਨਣ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਸਨ।

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸਪਤਾਹਿਕ ਸਤਿਸੰਗ

ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਆਪਣੇ ਸਥਾਨਕ ਆਸ਼ਰਮ ਵਿੱਚ ਸਪਤਾਹਿਕ ਸਤਿਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਆਸ਼ੂਤੋਸ਼ ਮਹਾਰਾਜ ਦੀ ਪਰਮ ਸ਼ਿਸ਼ ਸਾਧਵੀ ਰਜਨੀ ਭਾਰਤੀ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਨਸਾਨ ਦਾ ਪੂਰਾ ਜੀਵਨ ਇਕ ਸੰਘਰਸ਼ ਹੈ। ਸਾਨੂੰ ਜੀਵਨ ਬਤੀਤ ਕਰਦੇ ਹੋਏ ਹਰ ਸਮੇਂ ਇਹ ਸੰਘਰਸ਼ ਕਰਨਾ ਹੀ ਪਏਗਾ। ਜਦੋਂ ਅਸੀਂ ਆਪਣੀ ਮੰਜ਼ਲ ਵੱਲ ਅੱਗੇ ਵੱਲ ਨੂੰ ਚੱਲਾਂਗੇ ਤਾਂ ਸਮੱਸਿਆਵਾਂ ਸਾਡੇ ਰਸਤੇ ਵਿਚ ਆਉਣਗੀਆਂ ਹੀ, ਇਹ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਉਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਨਿਡਰਤਾ ਨਾਲ ਕਰਨਾ ਹੈ ਜਾ ਟੁੱਟੇ ਮਨ ਨਾਲ। ਉਨ੍ਹਾ ਕਿਹਾ ਕਿ ਸਮੱਸਿਆਵਾਂ ਸਾਨੂੰ ਤਕੜਾ ਬਣਾਉਣ ਆਉਂਦੀਆਂ ਹਨ ਨਾ ਕਿ ਕਮਜ਼ੋਰ। ਬੱਸ ਜਰੂਰਤ ਹੈ ਅਸੀਂ ਆਪਣੇ ਆਤਮ ਵਿਸ਼ਵਾਸ ਨੂੰ ਨਾ ਡੋਲਣ ਦੇਈਏ। ਅੰਤ ਵਿੱਚ ਸਾਧਵੀ ਗੁਰਪ੍ਰੀਤ ਭਾਰਤੀ ਨੇ ਭਜਨਾਂ ਦਾ ਗਾਇਨ ਕੀਤਾ।

ਵਧੀਕ ਡਿਪਟੀ ਕਮਿਸ਼ਨਰ ਨੇ ਕੂੜਾ ਚੁੱਕਣ ਵਾਲੀਆਂ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਕੂੜਾ ਚੁੱਕਣ ਵਾਲੀਆਂ ਪੰਜ ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਹ ਗੱਡੀਆਂ ਆਈਸੀਆਈਸੀਆਈ ਫਾਊਂਡੇਸ਼ਨ ਵੱਲੋਂ ਫ਼ਿਰੋਜ਼ਪੁਰ ਵਿਖੇ ਸੁਚੱਜੇ ਕੂੜਾ ਪ੍ਰਬੰਧਨ ਲਈ ਡੋਨੇਟ ਕੀਤੀਆਂ ਗਈਆਂ ਹਨ।ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਉਪਰੰਤ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਗੱਡੀਆਂ ਫਿਰੋਜ਼ਪੁਰ ਵਿੱਚ ਕੂੜੇ ਦੇ ਸੁਚੱਜੇ ਪ੍ਰਬੰਧਨ ਲਈ ਬਹੁਤ ਹੀ ਸਹਾਈ ਸਿੱਧ ਹੋਣਗੀਆਂ।ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਖ-ਵੱਖ ਸੰਸਥਾਵਾਂ ਨਾਲ ਮਿਲ ਕੇ ਜ਼ਿਲੇ ਦੀ ਦਸ਼ਾ ਤੇ ਦਿਸ਼ਾ ਸੁਧਾਰਨ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਗਲੀਆਂ ਮੁਹੱਲਿਆਂ ਵਿੱਚ ਕੂੜਾ ਕਰਕਟ ਜਮ੍ਹਾਂ ਹੋਣ ਨਾਲ ਕਈ ਕਿਸਮ ਦੀਆਂ ਬਿਮਾਰੀਆਂ ਹੋਣ ਦਾ ਖਦਸ਼ਾ ਰਹਿੰਦਾ ਹੈ, ਇਸ ਲਈ ਕੂੜਾ ਕਰਕਟ ਨੂੰ ਇਕੱਠਾ ਕਰਕੇ ਇਸ ਦਾ ਸੁਚਾਰੂ ਪ੍ਰਬੰਧਨ ਕਰਨ ਅਤੇ ਸੁਚੱਜੇ ਢੰਗ ਨਾਲ ਨਿਪਟਾਰਾ ਕਰਨਾ ਜ਼ਰੂਰੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਆਈਸੀਆਈਸੀਆਈ ਫਾਊਂਡੇਸ਼ਨ ਵੱਲੋਂ ਦਿੱਤੀਆਂ ਗਈਆਂ ਇਹ ਗੱਡੀਆਂ ਜ਼ਿਲ੍ਹੇ ਵਿੱਚੋਂ ਕੂੜੇ ਦੇ ਸੁਚੱਜੇ ਪ੍ਰਬੰਧਨ ਲਈ ਬਹੁਤ ਹੀ ਸਹਾਈ ਸਿੱਧ ਹੋਣਗੀਆਂ, ਇਸ ਨਾਲ ਸ਼ਹਿਰ ਵਾਸੀਆਂ ਨੂੰ ਕਾਫ਼ੀ ਲਾਭ ਮਿਲੇਗਾ।

ਬਾਬਾ ਬੰਸਰੀ ਵਾਲਾ ਸਮਾਧ ਬਾਬਾ ਗੋਦੜੀ ਵਾਲਾ ਸ਼ਿਵ ਮੰਦਰ ਵਿਖੇ ਲੱਗਾ ਮੇਲਾ

ਧੂਰੀ (ਬਿੰਨੀ ਗਰਗ)-ਬਸੰਤ ਪੰਚਮੀ ਦੇ ਤਿਉਹਾਰ ਮੌਕੇ ਬਾਬਾ ਬੰਸਰੀ ਵਾਲਾ, ਸਮਾਧ ਬਾਬਾ ਗੋਦੜੀ ਵਾਲਾ ਸ਼ਿਵ ਮੰਦਰ ਵਿਖੇ ਲੱਗੇ ਮੇਲੇ ਦੌਰਾਨ ਵੱਡੀ ਗਿਣਤੀ ਸ਼ਰਧਾਲੂਆਂ ਵੱਲੋਂ ਮੰਦਰ ਵਿੱਚ ਸ਼ਰਧਾ ਨਾਲ ਮੱਥਾ ਵੀ ਟੇਕਿਆ ਗਿਆ ਤੇ ਮੇਲੇ ਦਾ ਆਨੰਦ ਮਾਣਿਆ ਗਿਆ।ਇਸ ਮੌਕੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸਮੇਤ ਹੋਰ ਪਤਵੰਤਿਆਂ ਨੇ ਵੀ ਸ਼ਰਧਾ ਨਾਲ ਮੱਥਾ ਟੇਕ ਕੇ ਬਾਬਾ ਬੰਸੀ ਵਾਲਾ ਤੇ ਬਾਬਾ ਗੋਦੜੀ ਵਾਲਾ ਜੀ ਦਾ ਆਸ਼ੀਰਵਾਦ ਕੀਤਾ।ਲੋਕਾਂ ਵੱਲੋਂ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਹੋਣ ਦੀ ਕਾਮਨਾ ਕਰਦੇ ਹੋਏ ਆਪਣੀ ਸਮਰੱਥਾ ਤੇ ਸ਼ਰਧਾ ਅਨੁਸਾਰ ਲਕੜੀ, ਸਟੀਲ, ਚਾਂਦੀ ਤੇ ਹੋਰ ਧਾਤੂਆਂ ਦੀਆਂ ਬੰਸਰੀਆਂ ਵੀ ਭੇਟ ਕੀਤੀਆਂ ਗਈਆਂ।ਮੰਦਰ ਕਮੇਟੀ ਦੇ ਪ੍ਰਧਾਨ ਰਘਵੀਰ ਸਿੰਘ ਬਿਰਦੀ ਤੇ ਜਨਰਲ ਸਕੱਤਰ ਮਾ. ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਮੰਦਿਰ ਬਾਰੇ ਮਾਨਤਾ ਹੈ ਕਿ ਜੋ ਵੀ ਭਗਤ ਬਸੰਤ ਪੰਚਮੀ ਵਾਲੇ ਦਿਨ ਇੱਥੇ ਆਕੇ ਬੰਸਰੀ ਚੜ੍ਹਾ ਕੇ ਕੋਈ ਮਨੋਕਾਮਨਾ ਮੰਗਦਾ ਹੈ, ਉਸ ਦੀ ਉਹ ਇੱਛਾ ਜ਼ਰੂਰ ਪੂਰੀ ਹੁੰਦੀ ਹੈ।ਜ਼ਿਕਰਯੋਗ ਹੈ ਕਿ ਮੰਦਰ ਵਿੱਖੇ ਦਰਸ਼ਨਾਂ ਲਈ ਭਗਤਾਂ ਦੀ ਲੱਗੀ ਭਾਰੀ ਭੀੜ ਦੇ ਚੱਲਦਿਆਂ ਉਨ੍ਹਾਂ ਨੂੰ ਲੰਬੀਆਂ ਲਾਈਨਾਂ 'ਚ ਆਪਣੀ ਵਾਰੀ ਦਾ ਇੰਤਜ਼ਾਰ ਕਰਦੇ ਹੋਏ ਵੀ ਵੇਖਿਆ ਗਿਆ।ਇਸ ਮੌਕੇ ਵਿਸ਼ਾਲ ਭੰਡਾਰਾ ਵੀ ਲਗਾਇਆ ਗਿਆ।

ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮੀਟਿੰਗ ਹੋਈ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਦੀ ਮਹੀਨਾਵਾਰ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਨੰਬਰਦਾਰ ਹਰਮਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਨੰਬਰਦਾਰ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਫਰੰਟ ਵੱਲੋਂ ਪਿਛਲੇ ਕਾਫ਼ੀ ਸਮੇਂ ਤੋਂ ਮਾਛੀਵਾੜਾ ਸ਼ਹਿਰ ਵਿਚ ਨਜਾਇਜ਼ ਕਬਜੇ ਹਟਾਉਣ ਦੀ ਅਵਾਜ਼ ਉਠਾਈ ਜਾਂਦੀ ਰਹੀ ਹੈ, ਉਸ 'ਤੇ ਨਗਰ ਕੌਂਸਲ ਵੱਲੋਂ ਅਮਲੀ ਕਾਰਵਾਈ ਕੀਤੀ ਗਈ, ਜੋ ਸ਼ਲਾਘਾਯੋਗ ਫੈਸਲਾ ਹੈ। ਇਸ ਤੋਂ ਇਲਾਵਾ ਬਜ਼ਾਰ ਵਿੱਚ ਪਤੰਗ ਉਡਾਉਣ ਲਈ ਵੇਚੀ ਜਾਂਦੀ ਰਹੀ ਚਾਈਨਾ ਡੋਰ 'ਤੇ ਲੱਗੀ ਪਾਬੰਦੀ ਸਖ਼ਤੀ ਨਾਲ ਅਮਲ ਕਰਨ ਦੀ ਫਰੰਟ ਵਲੋਂ ਉਠਾਈ ਗਈ ਅਵਾਜ਼ 'ਤੇ ਕੁਝ ਕਾਰਵਾਈ ਕੀਤੀ ਗਈ ਹੈ, ਜਿਸ 'ਤੇ ਅਹੁਦੇਦਾਰਾਂ ਵਲੋਂ ਪੁਲਸ ਪ੍ਰਸ਼ਾਸਨ ਦੀ ਪ੍ਰਸੰਸਾ ਕੀਤੀ ਗਈ।

ਅਯੁੱਧਿਆ 'ਚ ਸ਼ਰਮਨਾਕ ਕਾਰਾ ਹਾਕਮਾਂ ਦੇ ਮੂੰਹ 'ਤੇ ਕਰਾਰੀ ਚਪੇੜ : ਇਨਕਲਾਬੀ ਕੇਂਦਰ ਪੰਜਾਬ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਅਯੁੱਧਿਆ 'ਚ ਲੜਕੀ ਨਾਲ ਸਮੂਹਿਕ ਬਲਾਤਕਾਰ ਤੋਂ ਬਾਅਦ ਹੱਥ-ਪੈਰ ਤੋੜੇ, ਅੱਖਾਂ ਕੱਢਣ ਤੋਂ ਬਾਅਦ ਲੜਕੀ ਦਾ ਬੇ-ਰਹਿਮੀ ਨਾਲ ਕਤਲ ਕਰ ਦਿੱਤਾ ਹੈ। ਲੜਕੀ ਦੀ ਲਾਸ਼ ਇੱਕ ਨਾਲੇ ਵਿੱਚੋਂ ਲਾਸ਼ ਮਿਲੀ। ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ, ਸੂਬਾਈ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਇਸ ਸ਼ਰਮਨਾਕ ਉਪਰ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਰਾਮਨਗਰੀ ਅਯੁੱਧਿਆ ਵਿੱਚ ਇਹ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਜਿਸ ਵਿੱਚ ਦਲਿਤ ਲੜਕੀ ਨਾਲ ਬਲਾਤਕਾਰ ਕਰਨ ਤੋਂ ਬਾਅਦ ਜ਼ੁਲਮ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ ਸਨ। ਇਹ ਲੜਕੀ 30 ਜਨਵਰੀ ਦੀ ਰਾਤ ਨੂੰ ਭਾਗਵਤ ਦੇਖਣ ਗਈ ਸੀ ਅਤੇ ਉਹ ਰਾਤ 11 ਵਜੇ ਤੱਕ ਘਰ ਨਹੀਂ ਪਰਤੀ। ਇਸ ਤੋਂ ਬਾਅਦ ਪੂਰੇ ਪਿੰਡ ਦੇ ਲੋਕਾਂ ਨੇ ਸਵੇਰ ਤੱਕ ਉਸ ਦੀ ਭਾਲ ਕੀਤੀ ਪਰ ਉਹ ਨਹੀਂ ਮਿਲੀ। ਇਸ ਸਬੰਧੀ ਪੁਲਸ ਨੂੰ ਸੂਚਨਾ ਦਿੱਤੀ ਗਈ। ਪੁਲਸ ਨੂੰ ਲੜਕੀ ਦੇ ਕੱਪੜੇ ਮਿਲੇ। ਜਿਸ ਤੋਂ ਬਾਅਦ ਪੁਲਸ ਨੇ ਉਸ ਜਗ੍ਹਾ ਦੀ ਫੋਟੋ/ਵੀਡੀਓ ਬਣਾਈ, ਜਿੱਥੇ ਖੂਨ ਦੇ ਧੱਬੇ ਅਤੇ ਉਸ ਦੇ ਕੱਪੜੇ ਮਿਲੇ ਸਨ। 1 ਫਰਵਰੀ ਨੂੰ ਸਵੇਰੇ ਪਰਵਾਰਕ ਮੈਂਬਰ ਉਸ ਨੂੰ ਮੁੜ ਲੱਭਣ ਲਈ ਨਿਕਲੇ ਅਤੇ ਇਸ ਦੌਰਾਨ ਲੜਕੀ ਦੀ ਲਾਸ਼ ਨਾਲੇ 'ਚੋਂ ਮਿਲੀ। ਸਰੀਰ ਤੋਂ ਸਾਰੇ ਕੱਪੜੇ ਗਾਇਬ ਸਨ ਅਤੇ ਹੱਥ-ਪੈਰ ਬੰਨ੍ਹੇ ਹੋਏ ਸਨ। ਬਲਾਤਕਾਰ ਤੋਂ ਬਾਅਦ ਲੜਕੀ ਦੇ ਹੱਥ-ਪੈਰ ਤੋੜੇ ਗਏ, ਅੱਖਾਂ ਕੱਢੀਆਂ ਗਈਆਂ। ਬੇਰਹਿਮੀ ਦੀ ਹੱਦ ਇਸ ਕਦਰ ਸੀ ਕਿ ਬਲੇਡ ਨਾਲ ਚਿਹਰੇ ਅਤੇ ਸਰੀਰ 'ਤੇ ਕਈ ਥਾਵਾਂ 'ਤੇ ਜ਼ਖ਼ਮ ਕੀਤੇ ਹੋਏ ਸਨ। ਲੜਕੀ ਨੂੰ ਬੜੀ ਹੀ ਬੇ-ਰਹਿਮੀ ਨਾਲ ਮਾਰਿਆ ਗਿਆ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪ੍ਰੀਵਾਰ ਨੂੰ 1 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਪੂਰੇ ਮਾਮਲੇ 'ਚ ਅਯੁੱਧਿਆ ਧਾਮ ਦੇ ਖੇਤਰ ਅਧਿਕਾਰੀ ਆਸ਼ੂਤੋਸ਼ ਤਿਵਾਰੀ ਦਾ ਇਹ ਕਹਿਣਾ ਹੈ ਕਿ ਪਰਵਾਰ ਵਾਲਿਆਂ ਨੇ ਕਿਸੇ 'ਤੇ ਸ਼ੱਕ ਪ੍ਰਗਟ ਨਹੀਂ ਕੀਤਾ, ਹੋਰ ਵਧੇਰੇ ਸ਼ਰਮਨਾਕ ਹੈ। ਇਸ ਤੋਂ ਪੁਲਸ ਪ੍ਰਸ਼ਾਸਨ ਅਤੇ ਸਰਕਾਰਾਂ ਦੇ ਔਰਤ ਵਿਰੋਧੀ ਰਵੱਈਏ ਦੀ ਝਲਕ ਪੈਂਦੀ ਹੈ। ਰਾਮ-ਰਾਜ ਵਾਲੇ ਯੋਗੀ ਦੇ ਰਾਜ ਯੂ ਪੀ ਵਿੱਚ ਇਹ ਘਟਨਾਵਾਂ ਸਭ ਤੋਂ ਵੱਧ ਵਾਪਰ ਰਹੀਆਂ ਹਨ। ਮੁਲਕ ਦੇ ਹਾਕਮ ਔਰਤਾਂ ਪ੍ਰਤੀ ਅਖੌਤੀ ਹੇਜ ਜਤਾਉਣ ਦੇ ਦਮਗਜੇ ਮਾਰਦੇ ਨਹੀਂ ਥੱਕਦੇ।

ਪੌਣੇ ਤਿੰਨ ਸਾਲ ਤੋਂ ਥਾਣੇ ਮੂਹਰੇ ਧਰਨਾ ਜਾਰੀ

■ ਪੰਜਾਬ ਸਰਕਾਰ ਮੋਰਚੇ ਪ੍ਰਤ

5-Feb-PAGE-11-Majha-25.qxd 2/4/2025 10:55 PM Page 1

ਕੈਬਿਨਟ ਮੰਤਰੀ ਧਾਲੀਵਾਲ ਨੇ ਜਨਤਾ ਦਰਬਾਰ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

*ਕੇਂਦਰ ਸਰਕਾਰ ਸੰਘਰਸ਼ੀ ਕਿਸਾਨਾਂ ਦੀਆਂ ਮੰਗਾਂ ਮੰਨੇ ਨਾ ਕਿ ਵਾਰ-ਵਾਰ ਮੀਟਿੰਗਾਂ 'ਤੇ ਜ਼ੋਰ ਦੇਵੇ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਵਿਖੇ ਆਪਣੇ ਦਫਤਰ ਵਿੱਚ ਲਗਾਏ ਗਏ ਜਨਤਾ ਦਰਬਾਰ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਮੌਕੇ ਤੇ ਹੀ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਇਨ੍ਹਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਇਸ ਕੈਂਪ ਦਾ ਮੁੱਖ ਉਦੇਸ਼ ਲੋਕਾਂ ਦੀਆਂ ਮੁਸ਼ਕਲਾਂ ਦਾ ਮੌਕੇ ਤੇ ਹੱਲ ਕਰਨਾ ਹੈ ਤਾਂ ਜੋ ਲੋਕਾਂ ਨੂੰ ਸਰਕਾਰੀ ਦਫਤਰਾਂ ਦੇ ਚੱਕਰ ਨਾ ਮਾਰਨੇ ਪੈਣ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਸਪਸ਼ਟ ਹਦਾਇਤਾਂ ਹਨ ਕਿ ਸਾਰੇ ਮੰਤਰੀ ਅਤੇ ਵਿਧਾਇਕ ਆਪੋ ਆਪਣੇ ਹਲਕੇ ਵਿੱਚ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਹੱਲ ਨੂੰ ਯਕੀਨੀ ਬਣਾਉਣ।ਇਸ ਤੋਂ ਪਹਿਲਾਂ ਧਾਲੀਵਾਲ ਨੇ ਅਧਿਕਾਰੀਆਂ ਨਾਲ ਅਜਨਾਲਾ ਹਲਕੇ ਦੇ ਵਿਕਾਸ ਕਾਰਜਾਂ ਦੇ ਰੀਵਿਊ ਨੂੰ ਲੈ ਕੇ ਮੀਟਿੰਗ ਕੀਤੀ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਚੱਲ ਰਹੇ ਵਿਕਾਸ ਕਾਰਜ ਸਮੇਂ ਸਿਰ ਮੁਕੰਮਲ ਕੀਤੇ ਜਾਣ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਉਹ ਰੋਜ਼ਾਨਾ ਪ੍ਰਗਤੀ ਰਿਪੋਰਟ ਲੈਣ ਅਤੇ ਵਿਕਾਸ ਕਾਰਜਾਂ ਦੀ ਗੁਣਵੱਤਾ ਨੂੰ ਸਮੇਂ ਸਮੇਂ ਸਿਰ ਚੈੱਕ ਕਰਨ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰੇ ਨਾ ਕਿ ਵਾਰ-ਵਾਰ ਮੀਟਿੰਗਾਂ ਕਰੇ।ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਗੱਲਬਾਤ ਹੋਣੀ ਚਾਹੀਦੀ ਹੈ ਪ੍ਰੰਤੂ ਵਾਰ ਵਾਰ ਗੱਲਾਂ ਹੀ ਨਹੀਂ ਕਿਸਾਨਾਂ ਦੀਆਂ ਮੰਗਾਂ ਵੀ ਪੂਰੀਆਂ ਹੋਣੀਆਂ ਚਾਹੀਦੀਆਂ ਹਨ।ਉਨ੍ਹਾਂ ਬੀਜੇਪੀ ਸਰਕਾਰ 'ਤੇ ਤੰਜ਼ ਕਸਦਿਆਂ ਕਿਹਾ ਕਿ ਇਹ ਵੱਡੇ ਘਰਾਣਿਆਂ ਦੀ ਸਰਕਾਰ ਹੈ ਅਤੇ ਕੇਵਲ ਉਨ੍ਹਾਂ ਦੇ ਹੀ ਕਰਜ਼ੇ ਮੁਆਫ ਕਰਦੀ ਹੈ।ਉਨ੍ਹਾਂ ਕਿਹਾ ਕਿ ਇਸ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹੀ ਅੱਜ ਦੇਸ਼ ਦਾ ਅੰਨਦਾਤਾ ਸੜਕ 'ਤੇ ਬੈਠਾ ਹੋਇਆ ਹੈ ਧਾਲੀਵਾਲ ਨੇ ਕਿਹਾ ਕਿ ਬਜਟ ਦੌਰਾਨ ਵੀ ਕਿਸਾਨਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਅਤੇ ਜਿਨ੍ਹਾਂ ਰਾਜਾਂ ਵਿੱਚ ਬੀਜੇਪੀ ਸਰਕਾਰ ਨਹੀਂ ਉਨ੍ਹਾਂ ਨੂੰ ਬਜਟ ਦੌਰਾਨ ਕੋਈ ਲਾਭ ਨਹੀਂ ਦਿੱਤਾ।ਇਸ ਮੌਕੇ ਐੱਸਡੀਐੱਮ ਰਵਿੰਦਰ ਸਿੰਘ, ਬੀਡੀਪੀਓ ਸੁਖਜੀਤ ਸਿੰਘ ਬਾਜਵਾ, ਤਹਿਸੀਲਦਾਰ ਅਕਵਿੰਦਰ ਕੌਰ, ਨਾਇਬ ਤਹਿਸੀਲਦਾਰ ਸੰਜੀਵ ਪਠਾਨੀਆ, ਡੀਐੱਸਪੀ ਗੁਰਵਿੰਦਰ ਸਿੰਘ ਔਲਖ, ਐਕਸੀਅਨ ਇੰਜ. ਅਨੀਸ਼ਦੀਪ ਸਿੰਘ, ਗੁਰਜੰਟ ਸਿੰਘ ਸੋਹੀ, ਐੱਸਐੱਚਓ ਸਤਨਾਮ ਸਿੰਘ, ਐੱਸਐੱਚਓ ਅਰਜਨ ਕੁਮਾਰ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਸਰਪੰਚ ਮਨਜਿੰਦਰ ਸਿੰਘ, ਸਰਪੰਚ ਮਨੂੰ ਮੱਲੀ, ਗੁਰਨਾਮ ਸਿੰਘ ਤੋਂ ਇਲਾਵਾ ਇਲਾਕਾ ਵਾਸੀ ਹਾਜ਼ਰ ਸਨ।

ਪੰਜਾਬ ਸਰਕਾਰ ਖਿਲਾਫ਼ ਮੁਲਾਜ਼ਮ ਤੇ ਪੈਨਸ਼ਨਰ ਬਜਟ ਸੈਸ਼ਨ ਦੌਰਾਨ ਕਰਨਗੇ ਵਿਰੋਧ ਪ੍ਰਦਰਸ਼ਨ

*8 ਤੋਂ 20 ਫਰਵਰੀ ਤੱਕ ਵੱਖ-ਵੱਖ ਵਿਧਾਇਕਾਂ ਨੂੰ ਦਿੱਤੇ ਜਾਣਗੇ ਮੰਗ ਪੱਤਰ

ਤਰਨ ਤਾਰਨ (ਨਜ਼ਸ)—ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੂਬਾ ਪੱਧਰੀ ਫੈਸਲੇ ਤੇ ਸਥਾਨਕ ਜਿਲ੍ਹੇ ਨਾਲ ਸਬੰਧਤ ਆਗੂਆਂ ਦੀ ਭਰਵੀਂ ਮੀਟਿੰਗ ਗਾਂਧੀ ਪਾਰਕ ਵਿਖੇ ਪ੍ਰਿੰਸੀ :ਦਲਬੀਰ ਸਿੰਘ ਦਿਉਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਵੱਡੀ ਗਿਣਤੀ 'ਚ ਆਗੂਆਂ ਨੇ ਹਿੱਸਾ ਲਿਆ। ਇਸ ਭਰਵੀਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਾਂਝਾ ਫਰੰਟ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ 18 ਜਨਵਰੀ ਦੀ ਲੁਧਿਆਣਾ ਮੀਟਿੰਗ ਦੇ ਫੈਸਲਿਆਂ ਬਾਰੇ ਏਜੰਡਾ ਪੇਸ਼ ਕਰਦੇ ਹੋਏ ਪੰਜਾਬ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਪ੍ਰਤੀ ਧਾਰਨ ਕੀਤੇ ਬੇਰੁਖੇ ਅਤੇ ਟਾਲ ਮਟੋਲ ਵਾਲੇ ਵਤੀਰੇ ਖਿਲਾਫ਼ ਪੰਜਾਬ ਦੇ ਵਿਧਾਇਕਾਂ ਨੂੰ 8 ਫਰਵਰੀ ਤੋਂ 20 ਫਰਵਰੀ ਤੱਕ ਵੱਡੇ ਵਫਦ ਲੈ ਕੇ ਮੰਗ ਪੱਤਰ ਦੇਣ ਅਤੇ ਬਜਟ ਸੈਸ਼ਨ ਦੌਰਾਨ ਲਗਾਤਾਰ ਚਾਰ ਦਿਨ ਸੂਬੇ ਦੀ ਰਾਜਧਾਨੀ ਵਿੱਚ ਵੱਡੀਆਂ ਰੋਸ ਰੈਲੀਆਂ ਕਰਕੇ ਵਿਧਾਨ ਸਭਾ ਵੱਲ ਝੰਡਾ ਮਾਰਚ ਕਰਨ ਦੇ ਸੰਘਰਸ਼ ਪ੍ਰੋਗਰਾਮਾਂ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ।ਇਸ ਮੀਟਿੰਗ ਵਿੱਚ ਸਾਂਝਾ ਫਰੰਟ ਦੇ ਸੂਬਾ ਆਗੂ ਅਮਰੀਕ ਸਿੰਘ ਕੰਗ, ਜ਼ਿਲ੍ਹਾ ਆਗੂ ਕਾਰਜ ਸਿੰਘ ਕੈਰੋਂ, ਪੂਰਨ ਸਿੰਘ ਮਾੜੀਮੇਘਾ, ਗੁਰਪ੍ਰੀਤ ਸਿੰਘ ਮੰਨਣ, ਬਲਜਿੰਦਰ ਸਿੰਘ ਦੋਬਲੀਆ, ਲਖਬੀਰ ਸਿੰਘ ਸੰਧੂ, ਜੱਸਾ ਸਿੰਘ ਕੱਦਗਿਲ, ਸਵਰਨ ਸਿੰਘ ਕੁਹਾੜਕਾ, ਮਾਸਟਰ ਸਲਵਿੰਦਰ ਸਿੰਘ, ਨਰਿੰਦਰ ਸਿੰਘ ਜੋਧਪੁਰ, ਕੰਵਰਦੀਪ ਸਿੰਘ ਢਿੱਲੋਂ, ਨਰਿੰਦਰ ਬੇਦੀ, ਸਤਨਾਮ ਸਿੰਘ, ਲਖਬੀਰ ਸਿੰਘ ਰੈਸੀਆਣਾ, ਰਾਜਗੋਬਿੰਦ ਸਿੰਘ, ਸ਼ਮਸ਼ੇਰ ਸਿੰਘ ਦੋਬੁਰਜੀ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਨਾਰਲੀ, ਅਮਰਦੀਪ ਸ਼ਰਮਾ, ਨਰਿੰਦਰ ਸਿੰਘ ਵਲਟੋਹਾ ਆਦਿ ਨੇ ਅਹਿਦ ਲਿਆ ਕਿ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਾਂਝਾ ਫਰੰਟ ਵੱਲੋਂ ਲਗਾਤਰ ਚਾਰ ਦਿਨ ਵਿਧਾਨ ਸਭਾ ਵੱਲ ਕੀਤੇ ਜਾਣ ਵਾਲੇ ਝੰਡਾ ਮਾਰਚ ਅਤੇ 8 ਫਰਵਰੀ ਤੋਂ 20 ਫਰਵਰੀ ਤੱਕ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਵਾਲੇ ਡੈਪੂਟੇਸ਼ਨਾਂ ਵਿੱਚ ਜ਼ਿਲ੍ਹੇ ਦੇ ਵੱਡੀ ਗਿਣਤੀ ਮੁਲਾਜ਼ਮ, ਪੈਨਸ਼ਨਰ ਅਤੇ ਕੱਚੇ ਕਾਮਿਆਂ ਤੋਂ ਇਲਾਵਾ ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਦੇ ਆਗੂ ਅਤੇ ਵਰਕਰ ਭਰਵੀਂ ਸ਼ਮੂਲੀਅਤ ਕਰਨਗੇ।ਇਸ ਮੀਟਿੰਗ ਨੇ 8 ਫਰਵਰੀ ਨੂੰ ਤਰਨ ਤਾਰਨ ਹਲਕੇ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ, 11 ਫਰਵਰੀ ਨੂੰ ਪੱਟੀ ਹਲਕੇ ਦੇ ਵਿਧਾਇਕ ਅਤੇ ਕੈਬਿਨਟ ਮੰਤਰੀ ਲਾਲਜੀਤ ਸਿੰਘ ਭੁੱਲਰ, 15 ਫਰਵਰੀ ਨੂੰ ਖੇਮਕਰਨ ਹਲਕੇ ਦੇ ਵਿਧਾਇਕ ਸਰਵਣ ਸਿੰਘ ਧੁੰਨ ਅਤੇ 18 ਫਰਵਰੀ ਨੂੰ ਖਡੂਰ ਸਾਹਿਬ ਹਲਕੇ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ।ਸਾਂਝਾ ਫਰੰਟ ਦੇ ਉਕਤ ਆਗੂਆਂ ਨੇ ਸਮੁੱਚੀਆਂ ਜਥੇਬੰਦੀਆਂ ਨੂੰ ਪੰਜਾਬ ਸਰਕਾਰ ਦੇ ਘਟੀਆ ਰਵੱਈਏ ਵਿਰੁੱਧ ਕੀਤੇ ਜਾਣ ਵਾਲੇ ਐਕਸ਼ਨਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਪੁਰਜ਼ੋਰ ਅਪੀਲ ਕੀਤੀ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਕੱਚੇ ਕਾਮਿਆਂ ਦੇ ਮਸਲਿਆਂ ਪ੍ਰਤੀ ਪਹੁੰਚ ਨਿਰਾਸ਼ ਕਰਨ ਵਾਲੀ ਹੈ ਜਿਸ ਪ੍ਰਤੀ ਸੰਘਰਸ਼ਸ਼ੀਲ ਲੋਕਾਂ ਵਿੱਚ ਭਾਰੀ ਗੁੱਸਾ ਹੈ, ਜਿਸ ਦਾ ਪ੍ਰਗਟਾਵਾ ਇਹਨਾਂ ਐਕਸ਼ਨਾ ਦੌਰਾਨ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਜੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਵੀ ਲਾਗੂ ਨਹੀਂ ਕੀਤਾ ਗਿਆ, ਤਨਖਾਹ ਕਮਿਸ਼ਨ ਦਾ ਰਹਿੰਦਾ ਦੂਜਾ ਭਾਗ ਠੰਡੇ ਬਸਤੇ ਵਿੱਚ ਪਾਇਆ ਹੋਇਆ ਹੈ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਕੋਈ ਅਨਾਮਲੀ ਵੀ ਦੂਰ ਨਹੀਂ ਕੀਤੀ ਗਈ ਜਦੋਂਕਿ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਅੱਠਵੇਂ ਤਨਖਾਹ ਕਮਿਸ਼ਨ ਦੀ ਵੀ ਸਥਾਪਨਾ ਕਰ ਦਿੱਤੀ ਗਈ ਹੈ।ਆਗੂਆਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਦੇ ਬਾਵਜੂਦ ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਗੁਣਾਂਕ ਨਾਲ ਨਹੀਂ ਕੀਤੀ ਜਾ ਰਹੀ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਅਪਣਾਈ ਜਾ ਰਹੀ ਨੀਤੀ ਅੱਜ ਤੱਕ ਬਣੀਆਂ ਨੀਤੀਆਂ ਨਾਲੋਂ ਬਹੁਤ ਘਟੀਆ ਨੀਤੀ ਹੈ, ਇਹ ਨੀਤੀ ਸਿਰਫ ਤੇ ਸਿਰਫ 58 ਸਾਲ ਤੱਕ ਸੇਵਾ ਕਰਨ ਦੀ ਹੀ ਗਰੰਟੀ ਦਿੰਦੀ ਹੈ ਅਤੇ ਹੋਰ ਕੋਈ ਵੀ ਪੱਕੇ ਮੁਲਾਜ਼ਮਾਂ ਵਾਲਾ ਲਾਭ ਮੁਹੱਈਆ ਨਹੀਂ ਕਰਵਾਉਂਦੀ, ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸ਼ਕੀਮ ਬਹਾਲ ਕਰਨ ਦੇ ਆਪਣੇ ਵਾਅਦੇ ਤੋਂ ਹੁਣ ਭੱਜ ਕੇ ਇਸ ਨੂੰ ਕੇਂਦਰ ਸਰਕਾਰ ਨਾਲ ਨੂੜ ਰਹੀ ਹੈ, ਤਨਖਾਹ ਕਮਿਸ਼ਨ ਦੇ 05 ਸਾਲ 06 ਮਹੀਨੇ ਦੇ ਬਕਾਏ ਜਾਰੀ ਕਰਨ ਬਾਰੇ ਮਾਣਯੋਗ ਉੱਚ ਅਦਾਲਤਾਂ ਵੱਲੋਂ ਕੀਤੇ ਜਾ ਰਹੇ ਫੈਸਲਿਆਂ ਨੂੰ ਵੀ ਪੰਜਾਬ ਸਰਕਾਰ ਲਾਗੂ ਨਹੀਂ ਕਰ ਰਹੀ। ਅੱਜ 08 ਸਾਲ ਬੀਤਣ ਤੋਂ ਬਾਅਦ ਵੀ ਤਨਖਾਹ ਕਮਿਸ਼ਨ ਦਾ ਦੂਜਾ ਹਿੱਸਾ ਜਿਸ ਦੇ ਤਹਿਤ ਪ੍ਰਬੀਨਤਾ ਤਰੱਕੀ ਅਤੇ ਹੋਰ ਲਾਭ ਮਿਲਣੇ ਹਨ ਜਾਰੀ ਕਰਨ ਵਾਸਤੇ ਤਿਆਰ ਨਹੀਂ, ਕੇਂਦਰ ਨਾਲੋਂ 11 ਪ੍ਰਤੀਸ਼ਤ ਮਹਿੰਗਾਈ ਭੱਤਾ ਘੱਟ ਦੇ ਕੇ ਇਸ ਨੂੰ ਕੇਂਦਰ ਨਾਲੋਂ ਡੀ-ਲਿੰਕ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਆਪਣੇ ਚਹੇਤੇ ਆਈਏਐੱਸ ਅਫਸਰਾਂ ਨੂੰ ਸਭ ਕੁੱਝ ਦਿੱਤਾ ਜਾ ਰਿਹਾ ਹੈ ਪਰ ਆਮ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਵੀ ਦੱਬੀ ਬੈਠੀ ਹੈ, 1 ਜਨਵਰੀ 2016 ਨੂੰ ਤਨਖਾਹ ਤੇ ਪੈਨਸ਼ਨ ਫ਼ਿਕਸ ਕਰਨ ਸਮੇਂ ਬਣਦੇ 125 ਪ੍ਰਤੀਸ਼ਤ ਮਹਿੰਗਾਈ ਭੱਤੇ ਨੂੰ ਅਧਾਰ ਨਹੀਂ ਮੰਨਿਆ ਜਾ ਰਿਹਾ, ਮੁਲਾਜ਼ਮਾਂ ਨੂੰ ਮਿਲ ਰਹੇ ਪੌਂਡੂ ਭੱਤੇ ਸਮੇਤ ਸਮੁੱਚੇ ਭੱਤੇ ਸੋਧਣ ਦੇ ਨਾਂ ਤੇ ਬੰਦ ਕਰਕੇ ਰੱਖ ਦਿੱਤੇ ਹਨ, ਮਿਡ-ਡੇ-ਮੀਲ ਕੁੱਕ ਵਰਕਰ, ਆਸ਼ਾ ਵਰਕਰ ਤੇ ਫੈਸਿਲੀਟੇਟਰ ਅਤੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣ ਭੱਤੇ ਦੁੱਗਣੇ ਕਰਨ ਦੇ ਆਪਣੇ ਵਾਅਦੇ ਤੋਂ ਭੱਜ ਚੁੱਕੀ ਹੈ ਅਤੇ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਆਊਟਸੋਰਸ, ਇਨਲਿਸਟਮੈਂਟ ਅਤੇ ਕੇਂਦਰੀ ਸਕੀਮਾਂ ਤਹਿਤ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ, ਪ੍ਰੋਵੇਸ਼ਨਲ ਪੀਰੀਅਡ ਦੇ ਨਾਂ ਤੇ ਘੁੱਢਲੀ ਤਨਖਾਹ ਦੇ ਕੇ ਤਿੰਨ ਸਾਲ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ, 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਜ਼ਬਰਦਸਤੀ ਕੇਂਦਰੀ ਤਨਖਾਹ ਸਕੇਲ ਤਾਂ ਥੋਪ ਦਿੱਤੇ ਗਏ ਹਨ ਪਰੰਤੂ ਕੇਂਦਰੀ ਮੁਲਾਜ਼ਮਾਂ ਨੂੰ ਮਿਲ ਰਹੇ ਭੱਤੇ ਨਹੀਂ ਦਿੱਤੇ ਜਾ ਰਹੇ ਅਤੇ ਇਸ ਸਰਕਾਰ ਵੱਲੋਂ ਕੁੱਝ ਦੇਣ ਦੀ ਥਾਂ ਤੇ ਉਲਟਾ ਵਿਕਾਸ ਦੇ ਨਾਂ ਤੇ 200 ਰੁਪਏ ਜਜੀਆ ਪਹਿਲਾਂ ਮੁਲਾਜ਼ਮਾਂ ਅਤੇ ਹੁਣ ਪੈਨਸ਼ਨਰਾਂ ਤੋਂ ਵੀ ਵਸੂਲਿਆ ਜਾ ਰਿਹਾ ਹੈ।ਆਗੂਆਂ ਨੇ ਪੰਜਾਬ ਸਰਕਾਰ ਤੇ ਇਹ ਵੀ ਦੋਸ਼ ਲਾਇਆ ਕਿ ਸਰਕਾਰ ਸ਼ਾਂਤਮਈ ਸੰਘਰਸ਼ ਕਰ ਰਹੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੇ ਨਜਾਇਜ਼ ਪਰਚੇ ਦਰਜ ਕਰਨ ਦੀ ਨਿੰਦਣਯੋਗ ਕਾਰਵਾਈ ਨੂੰ ਸੰਘਰਸ਼ਸ਼ੀਲ ਲੋਕ ਬਰਦਾਸ਼ਤ ਨਹੀਂ ਕਰਨਗੇ।

ਖਾਲਸਾ ਕਾਲਜ ਦੇ ਕਾਮਰਸ ਵਿਭਾਗ ਦੇ 18 ਵਿਦਿਆਰਥੀਆਂ ਦੀ ਏਆਈਐੱਮ ਗਰੁੱਪ ਵੱਲੋਂ ਚੋਣ

ਅੰਮ੍ਰਿਤਸਰ (ਜਸਬੀਰ ਸਿੰਘ, ਕੰਵਲਜੀਤ ਸਿੰਘ)- ਖਾਲਸਾ ਕਾਲਜ ਵਿਖੇ ਕਰਵਾਈ ਗਈ ਪਲੇਸਮੈਂਟ ਦੌਰਾਨ ਕਾਮਰਸ ਵਿਭਾਗ ਦੇ 18 ਵਿਦਿਆਰਥੀਆਂ ਦੀ ਐਕਚੂਅਲ ਇੰਟੈਲੀਜੈਂਸ ਮੈਨੂਅਲ ਗਰੁੱਪ (ਏਆਈਐੱਮ ਗਰੁੱਪ) ਦੁਆਰਾ ਚੋਣ ਕੀਤੀ ਗਈ ਹੈ।ਇਸ ਮੌਕੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਪਲੇਸਮੈਂਟ ਟੀਮ ਦੇ ਯਤਨਾਂ ਦੀ ਸਰਾਹਨਾ ਕੀਤੀ। ਇਸ ਮੌਕੇ ਪ੍ਰਿੰ: ਡਾ. ਕਾਹਲੋਂ ਨੇ ਕਿਹਾ ਕਿ ਇਹ ਸਫਲਤਾ ਕਾਲਜ ਦੀ ਉਚ ਗੁਣਵੱਤਾ ਵਾਲੀ ਸਿੱਖਿਆ ਅਤੇ ਕਰੀਅਰ ਮੌਕਿਆਂ ਪ੍ਰਤੀ ਵਚਨਬੱਧਤਾ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਕਾਲਜ ਦੇ ਪਲੇਸਮੈਂਟ ਸੈੱਲ ਜੋ ਕਿ ਡਾ. ਹਰਭਜਨ ਸਿੰਘ ਰੰਧਾਵਾ ਅਤੇ ਡਾ. ਅਨੁਰੀਤ ਕੌਰ ਦੀ ਅਗਵਾਈ ਹੇਠ ਕੰਮ ਕਰਦਾ ਹੈ, ਨੇ ਭਵਿੱਖ 'ਚ ਅਜਿਹੀਆਂ ਹੋਰ ਪਲੇਸਮੈਂਟਾਂ ਦੀ ਯੋਜਨਾ ਬਣਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਕਾਲਜ ਦੇ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਵੱਲੋਂ ਕਰਵਾਏ ਗਏ ਉਕਤ ਪ੍ਰੋਗਰਾਮ ਦੌਰਾਨ ਕਾਮਰਸ ਵਿਭਾਗ ਦੇ 18 ਵਿਦਿਆਰਥੀਆਂ ਨੂੰ ਏ. ਆਈ. ਐੱਮ. ਗਰੁੱਪ ਵੱਲੋਂ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਉਕਤ ਗਰੁੱਪ ਇਕ ਪ੍ਰਮੁੱਖ ਵਿੱਤ ਸਲਾਹਕਾਰ ਬਰੈਂਡ ਹੈ। ਇਹ ਪਲੇਸਮੈਂਟ ਡਰਾਇਵ ਗਰੁੱਪ ਦੀ ਟੀਮ ਦੁਆਰਾ ਦਿੱਤੇ ਗਏ ਪ੍ਰੀ-ਪਲੇਸਮੈਂਟ ਸੰਬੋਧਨ ਨਾਲ ਸ਼ੁਰੂ ਹੋਈ ਜਿਸ 'ਚ ਉਨ੍ਹਾਂ ਨੇ ਕੰਪਨੀ ਦੇ ਵਿਜਨ, ਕੰਮਕਾਜੀ ਸੰਸਕ੍ਰਿਤੀ ਅਤੇ ਗ੍ਰੈਜੂਏਟਸ ਲਈ ਉਪਲਬਧ ਮੌਕਿਆਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਡਾ. ਕਾਹਲੋਂ ਨੇ ਡਾ. ਰੰਧਾਵਾ ਦੀ ਮੌਜੂਦਗੀ 'ਚ ਦੱਸਿਆ ਕਿ ਉਕਤ 18 ਵਿਦਿ

5-Feb-PAGE-12.qxd 2/4/2025 11:11 PM Page 1

ਜਨਮ ਦਿਨ ਮੁਬਾਰਕ

ਮਨਕੀਰਤ ਸਿੰਘ ਗੋਗੀਆ
ਮਾਛੀਵਾੜਾ ਸਾਹਿਬ

ਵਰ੍ਹੇਗੰਢ ਮੁਬਾਰਕ

ਹਰਪ੍ਰੀਤ ਪੁਰੀ ਅਤੇ ਦੇਵਕੀ ਪੁਰੀ ਵਾਸੀ ਸਮਰਾਲਾ ਨੇ ਆਪਣੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ

ਕੇਂਦਰ ਸਰਕਾਰ ਵੱਲੋਂ ਲਾਗੂ ਯੂਨੀਫਾਈਡ ਪੈਨਸ਼ਨ ਸਕੀਮ ਮੁਲਾਜ਼ਮਾਂ ਨਾਲ ਵੱਡਾ ਧੋਖਾ : ਕਰਨੈਲ ਫਿਲੌਰ

ਫਿਲੌਰ (ਨਿਰਮਲ)

ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਜਲੰਧਰ ਦੀਆਂ ਵੱਖ ਵੱਖ ਸੰਸਥਾਵਾਂ ਵਿੱਚ ਯੂ ਪੀ ਐੱਸ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਜਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਕਿਹਾ ਕਿ ਐਨ ਪੀ ਐੱਸ ਅਤੇ ਯੂ ਪੀ ਐੱਸ ਸਾਰੇ ਕਰਮਚਾਰੀਆਂ ਨਾਲ ਧੋਖਾ ਹੈ, ਜਦੋਂ ਤਕ ਪੁਰਾਣੀ ਪੈਂਨਸ਼ਨ ਬਹਾਲ ਨਹੀਂ ਹੋ ਜਾਂਦੀ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।ਵੱਖ-ਵੱਖ ਸੰਸਥਾਵਾਂ ਵਿੱਚ ਕਾਪੀਆਂ ਸਾੜੀਆਂ ਗਈਆਂ ਜਿਹਨਾਂ ਵਿਚ ਸਰਕਾਰੀ ਹਾਈ ਸਕੂਲ ਮਾਓ ਸਾਹਿਬ, ਸਰਕਾਰੀ ਸੈਕੰਡਰੀ ਸਕੂਲ ਪਰਤਬਪੁਰ, ਸੈਕੰਡਰੀ ਸਕੂਲ ਬੜਾ ਪਿੰਡ, ਮਿਡਲ ਸਕੂਲ ਮੀਆਂਵਾਲ, ਮਿਡਲ ਸਕੂਲ ਕੰਗ ਅਰਈਆਂ, ਮਿਡਲ ਸਕੂਲ ਸੰਗਤ ਪੁਰ, ਹਾਈ ਸਕੂਲ ਗੰਨਾ ਪਿੰਡ, ਹਾਈ ਸਕੂਲ ਹਰੀਪੁਰ ਖਾਲਸਾ,ਮਿਡਲ ਸਕੂਲ ਖੇਲਾ,ਪ੍ਰਾਇਮਰੀ ਸਕੂਲ ਮਾਓ ਸਾਹਿਬ, ਮੀਆਂਵਾਲ ਆਦਿ ਸ਼ਾਮਲ ਹਨ। ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਤੇ ਕੋ ਕਨਵੀਨਰ ਦਿਲਬਾਗ ਸਿੰਘ ਨੇ ਕਿਹਾ ਕਿ ਯੂਨੀਫਾਈਡ ਪੈਨਸ਼ਨ ਸਕੀਮ ਦੀ ਜੋ ਐਸ.ਓ.ਪੀ ਜਾਰੀ ਕੀਤੀ ਹੈ, ਉਹ ਬਹੁਤ ਹੀ ਘਾਤਕ ਹੈ ਕਿਉਂਕਿ ਉਪਰੋਕਤ ਸਕੀਮ ਦੇ ਅਨੁਸਾਰ ਸਰਕਾਰ ਮੁਲਾਜ਼ਮਾਂ ਦਾ ਪੈਸਾ ਹੜੱਪ ਕੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣਾ ਚਾਹੁੰਦੀ ਹੈ। ਇਸ ਮੌਕੇ ਵੇਦ ਰਾਜ, ਕਾਵਿਸ਼ ਵਾਲੀਆ, ਜਸਬੀਰ ਸਿੰਘ ਢੁੰਬਰ, ਪਵਨ ਕੁਮਾਰ, ਪਰੇਮ ਖਾਲਵਾੜਾ,

ਸੰਦੀਪ ਰਾਜੋਵਾਲ, ਅਮਰਜੀਤ ਭਗਤ, ਮੋਹਣ ਲਾਲ,ਕੁਲਵੀਰ ਕੁਮਾਰ,ਮੁਕੇਸ਼ ਕੁਮਾਰ, ਸੰਦੀਪ ਕੁਮਾਰ, ਰਾਕੇਸ਼ ਠਾਕੁਰ, ਰਾਜੇਸ਼ ਭੱਟੀ,ਰਵਿੰਦਰ ਕੁਮਾਰ, ਪ੍ਰਦੀਪ ਕੁਮਾਰ, ਦਲਬੀਰ ਰਾਮ, ਵਿਪਣ ਕਾਲੜਾ ਲੇਖ ਰਾਜ ਪੰਜਾਬੀ, ਰੋਹਿਤ ਸੋਬਤੀ, ਅਮਨਦੀਪ, ਰੂਪ ਲਾਲ, ਜਗਜੀਵਨ ਸਿੰਘ, ਰਾਕੇਸ਼ ਕੁਮਾਰ, ਸੁਸ਼ੀਲ ਕੁਮਾਰ, ਰਾਜ ਕੁਮਾਰ, ਬਹਾਦੁਰ ਸਿੰਘ, ਕਮਲਜੀਤ ਸਿੰਘ, ਯਜਦੀਪ ਕੌਰ, ਮੋਨਿਕਾ ਰਾਣੀ, ਮੀਨਾ ਕੁਮਾਰੀ, ਅੰਜੂ ਸੰਗਤਪੁਰ, ਅੰਸ਼ੂ ਰਾਣੀ, ਬਲਜਿੰਦਰ ਕੌਰ ਸੰਗਤਪੁਰ, ਸਰੋਜ ਰਾਣੀ, ਹਰਵਿੰਦਰ ਕੌਰ, ਅੰਜੂ ਵਿਰਦੀ,ਨੀਰੂ ਸ਼ਰਮਾ, ਜਸਪ੍ਰੀਤ ਕੌਰ, ਪੁਸ਼ਪਿੰਦਰ ਕੌਰ, ਸੰਤੋਸ਼ ਕੁਮਾਰੀ, ਸਵਰਨਜੀਤ ਕੌਰ, ਰੀਨਾ ਰਾਣੀ, ਰਾਜਦੀਪ ਕੌਰ ਅਤੇ ਹੋਰ ਸਾਥੀ ਹਾਜ਼ਰ ਸਨ।

ਕਾਸ਼ੀ ਲਈ ਟਰੇਨ ਡੇਰਾ ਸੱਚਖੰਡ ਬੱਲਾਂ ਨੇ ਆਪਣੇ ਖਰਚੇ 'ਤੇ ਬੁੱਕ ਕਰਵਾਈ

ਅਲਾਵਲਪੁਰ, (ਮਦਨ ਬੰਗੜ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਹਜ਼ਾਰਾਂ ਸ਼ਰਧਾਲੂ ਸੰਗਤਾਂ ਸਤਿਗੁਰੂ ਰਵਿਦਾਸ ਜੀ ਦੇ 648 ਵੇਂ ਪਾਵਨ ਪ੍ਰਕਾਸ਼ ਪੁਰਬ 12 ਫਰਵਰੀ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਯੂਪੀ 'ਚ ਮਨਾਇਆ ਜਾ ਰਿਹਾ ਹੈ। ਵਿਸ਼ਵ ਪੱਧਰੀ ਇਸ ਵਿਸ਼ਾਲ ਸਮਾਗਮ 'ਚ ਸ਼ਾਮਿਲ ਹੋਣ ਲਈ ਸੰਗਤਾਂ ਜਲੰਧਰ ਰੇਲਵੇ ਸਟੇਸ਼ਨ ਤੋਂ ਬੇਗਮਪੁਰਾ ਐਕਸਪ੍ਰੈਸ ਟ੍ਰੇਨ ਰਾਹੀਂ ਸਤਿਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਯੂਪੀ ਲਈ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ (ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਪਬਲਿਕ ਚੈਰੀਟੇਬਲ ਟਰਸਟ ਬਨਾਰਸ ਯੂਪੀ) ਵਾਲਿਆਂ ਦੀ ਸਰਪ੍ਰਸਤੀ ਹੇਠ 9 ਫਰਵਰੀ ਐਤਵਾਰ ਨੂੰ ਰਵਾਨਾ ਹੋਵੇਗੀ। ਸਮੁੱਚੇ ਟਰੱਸਟ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਹ ਬੇਗਮਪੁਰਾ ਐਕਸਪ੍ਰੈਸ ਟਰੇਨ ਸੰਤ ਨਿਰੰਜਨ ਦਾਸ ਜੀ ਦੇ ਆਸ਼ੀਰਵਾਦ ਨਾਲ ਡੇਰਾ ਸੱਚਖੰਡ ਬੱਲਾਂ ਟਰੱਸਟ ਵੱਲੋਂ ਸਖਤ ਮਿਹਨਤ ਕਰਕੇ ਰੇਲਵੇ ਵਿਭਾਗ ਦੀਆਂ ਸ਼ਰਤਾਂ ਪੂਰੀਆਂ ਕਰਦਿਆਂ ਆਪਣੇ ਖਰਚੇ 'ਤੇ ਬੁੱਕ ਕਰਵਾਈ ਗਈ ਹੈ। ਰੇਲਵੇ ਵਿਭਾਗ ਵੱਲੋਂ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸੰਗਤਾਂ ਲਈ ਕੋਈ ਵੀ ਫਰੀ ਯਾਤਰਾ ਵਾਲੀ ਟਰੇਨ ਨਹੀਂ ਭੇਜੀ ਜਾ ਰਹੀ। ਇਹ ਟਰੇਨ 9 ਫਰਵਰੀ ਨੂੰ ਜਲੰਧਰ ਰੇਲਵੇ ਸਟੇਸ਼ਨ ਤੋਂ 10 ਫਰਵਰੀ ਨੂੰ ਬਨਾਰਸ ਪਹੁੰਚੇਗੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਦੇ 12 ਫਰਵਰੀ ਨੂੰ ਪਾਵਨ ਪ੍ਰਕਾਸ਼ ਪੁਰਬ ਸਮਾਗਮ ਦੀ ਸਮਾਪਤੀ ਉਪਰੰਤ ਇਹ ਟਰੇਨ ਦੁਬਾਰਾ 13 ਫਰਵਰੀ ਨੂੰ ਬਨਾਰਸ ਤੋਂ ਸੰਗਤਾਂ ਨੂੰ ਲੈ ਕੇ 14 ਫਰਵਰੀ ਨੂੰ ਜਲੰਧਰ ਰੇਲਵੇ ਸਟੇਸ਼ਨ ਪਹੁੰਚੇਗੀ।

ਅਲਾਵਲਪੁਰ ਤੋਂ 100 ਸੇਵਾਦਾਰਾਂ ਦਾ ਜਥਾ ਕਾਸ਼ੀ, ਬਨਾਰਸ ਲਈ ਰਵਾਨਾ

ਅਲਾਵਲਪੁਰ, (ਮਦਨ ਬੰਗੜ)

ਸ੍ਰੀ ਗੁਰੂ ਰਵਿਦਾਸ ਜੀ ਦੇ 12 ਫਰਵਰੀ ਨੂੰ ਮਨਾਏ ਜਾ ਰਹੇ 648ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 100 ਸ਼ਰਧਾਲੂਆਂ ਦਾ ਜਥਾ ਅਲਾਵਲਪੁਰ ਤੋਂ ਰਵਾਨਾ ਹੋਇਆ।ਗੁਰੂ ਜੀ ਦੇ ਜਨਮ ਅਸਥਾਨ ਸ੍ਰੀ ਗੋਵਰਧਨਪੁਰ ਕਾਸ਼ੀ ਵਿਖੇ ਡੇਰਾ ਸੱਚਖੰਡ ਬੱਲਾ ਦੇ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਦੀ ਸਰਪ੍ਰਸਤੀ ਹੇਠ ਸ਼ਰਧਾਲੂ ਮੱਥਾ ਟੇਕਣਗੇ।ਇਸ ਮੌਕੇ ਪ੍ਰਧਾਨ ਸੀਤਲ ਦਾਸ ਅਤੇ ਪਤਵੰਤਿਆਂ ਵੱਲੋਂ ਸੇਵਾਦਾਰ ਸੋਮਰਾਜ ਅਹੀਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਬੰਧੀ ਸੋਮਰਾਜ ਅਹੀਰ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਵਿੱਚ ਸੇਵਾ ਕਰਨ ਤੋਂ ਬਾਅਦ ਇਹ ਜਥਾ 15 ਫਰਵਰੀ ਨੂੰ ਵਾਪਸ ਅਲਾਵਲਪੁਰ ਪਰਤੇਗਾ।ਇਸ ਮੌਕੇ ਮਾਸਟਰ ਹਰਗੋਪਾਲ ਪਾਲੀ, ਗੁਰਬਖਸ਼ ਲਾਲ, ਕੌਂਸਲਰ ਕ੍ਰਿਸ਼ਨਾ ਦੇਵੀ, ਰਾਜ ਕੁਮਾਰ ਵਿੱਕੀ, ਸੰਦੀਪ ਕੁਮਾਰ, ਸੁਰਜੀਤ ਕੁਮਾਰ, ਸੁਖਵਿੰਦਰ ਬਿੱਟੂ, ਸੋਨੀ, ਸਾਬੀ ਆਦਿ ਹਾਜ਼ਰ ਸਨ।

ਮੋਦੀ ਸਰਕਾਰ ਨੇ ਬਜਟ 'ਚ ਪੰਜਾਬ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਭਾਰਤ ਸਰਕਾਰ ਦੇ ਬਜਟ 'ਤੇ ਪੂਰੇ ਦੇਸ਼ ਦੀ ਨਿਗਾਵਾਂ ਲੱਗੀਆਂ ਹੋਈਆਂ

ਸਨ। ਉੱਥੇ ਹੀ ਪੰਜਾਬ ਦੇ ਲੋਕਾਂ ਨੂੰ ਇਸ ਵਾਰ ਬਹੁਤ ਵੱਡੀ ਰਾਹਤ ਮਿਲਣ ਦੀ ਆਸ ਸੀ।ਪਰ ਪੰਜਾਬ ਦੇ ਲੋਕਾਂ ਨਾਲ ਮੋਦੀ ਸਰਕਾਰ ਨੇ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ।ਇਹ ਵਿਚਾਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤਰੁਣਾ ਅਰੋੜਾ ਨੇ ਸਾਂਝੇ ਕੀਤੇ। ਉਹਨਾਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ ਚਹੇਤੇ ਉਦਯੋਗਪਤੀਆਂ ਨੂੰ ਬਹੁਤ ਵੱਡੇ ਵੱਡੇ ਇਸ ਬਜਟ ਵਿੱਚ ਲਾਭ ਦਿੱਤੇ ਹਨ ਅਤੇ ਗਰੀਬ ਵਰਗ ਦਾ ਇਸ ਵਿੱਚ ਬਿਲਕੁਲ ਵੀ ਖਿਆਲ ਨਹੀਂ ਰੱਖਿਆ ਗਿਆ ਅਤੇ ਨਾ ਹੀ ਛੋਟੇ ਵਪਾਰੀਆਂ ਲਈ ਤੇ ਨਾ ਛੋਟੇ ਉਦਯੋਗ ਲਈ ਇਸ ਬਜਟ ਵਿੱਚ ਕੋਈ ਥਾਂ ਦਿੱਤੀ ਗਈ ਹੈ।ਉਹਨਾਂ ਨੇ ਕਿਹਾ ਕਿ ਸਿਹਤ ਸਹੂਲਤਾਂ ਲਈ ਵੀ ਕੋਈ ਵੱਡਾ ਪੈਕੇਜ ਨਹੀਂ ਦਿੱਤਾ ਗਿਆ। ਇਸ ਮੌਕੇ ਅਰੋੜਾ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਅਤੇ ਪੰਜਾਬ ਨਾਲ ਪਤਾ ਨਹੀਂ ਕਿਹੜੀ ਦੁਸ਼ਮਣੀ ਕੱਢ ਰਹੀ ਹੈ ਕਿ ਪੰਜਾਬ ਲਈ ਕੋਈ ਵੀ ਇਸ ਬਜਟ ਵਿੱਚ ਵਿਸ਼ੇਸ਼ ਪੈਕਜ ਨਹੀਂ ਹੈ।

ਨਾਜਾਇਜ਼ ਖਣਨ : ਸਰਕਾਰ ਦੇ ਲਾਅਰਿਆਂ ਤੋਂ ਅੱਕੇ ਲੋਕਾਂ ਨੇ ਜਥੇਬੰਦਕ ਸੰਘਰਸ਼ ਆਰੰਭਣ ਦਾ ਲਿਆ ਫੈਸਲਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਬਲਾਕ ਹਾਜੀਪੁਰ ਅਤੇ ਤਲਵਾੜਾ 'ਚ ਬਿਆਸ ਦਰਿਆ ਕੰਢੇ ਲੋਕਾਂ ਦੇ ਵਿਰੋਧ ਦੇ ਬਾਵਜੂਦ ਸਰਕਾਰ ਵੱਲੋਂ ਨਵੇਂ ਸਟੋਨ ਕਰੱਸ਼ਰ ਲਗਾਉਣ ਦੀਆਂ ਪ੍ਰਵਾਨਗੀਆਂ ਦਿੱਤੀਆਂ ਜਾ ਰਹੀਆਂ ਹਨ।ਪਿੰਡਾਂ 'ਚੋਂ ਮਾਈਨਿੰਗ ਸਮੱਗਰੀ ਲੈ ਕੇ ਲੰਘਦੇ ਟਰੱਕਾਂ ਤੋਂ ਪਿੰਡ ਵਾਸੀ ਪਹਿਲਾਂ ਹੀ ਦੁਖੀ ਹਨ। ਸਰਕਾਰ ਅਤੇ ਪ੍ਰਸ਼ਾਸਨ ਦੇ ਦੁਆਰੇ ਕੋਈ ਸੁਣਾਈ ਨਾ ਹੋਣ ਦੇ ਚੱਲਦਿਆਂ ਪੜਿਤ ਲੋਕਾਂ ਨੇ ਖ਼ੇਤਰ 'ਚ ਖਣਨ ਅਤੇ ਸਟੋਨ ਕਰੱਸ਼ਰਾਂ ਖ਼ਿਲਾਫ਼ ਜਥੇਬੰਦਕ ਸੰਘਰਸ਼ ਆਰੰਭਣ ਦਾ ਫੈਸਲਾ ਲਿਆ ਹੈ। ਉਨ੍ਹਾਂ ਨਵੇਂ ਲੱਗ ਰਹੇ ਕਰੱਸ਼ਰਾਂ ਖ਼ਿਲਾਫ਼ ਪੱਕੇ ਮੋਰਚੇ ਲਾਉਣੇ ਆਰੰਭ ਦਿੱਤੇ ਹਨ।ਇਹ ਜਾਣਕਾਰੀ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਕੋਆਰਡੀਨੇਟਰ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਪੰਜਾਬ ਦੇ ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ, ਮਨੋਜ ਪਲਾਹੜਾ ਅਤੇ ਪ੍ਰਧਾਨ ਕੈਪ ਰਾਜੇਸ਼ ਕੁਮਾਰ ਦਿੰਦੇ ਹੋਇਆਂ ਦਸਿਆ ਕਿ ਪੱਤੀ ਨਾਮ ਨਗਰ ਅਤੇ ਪੱਤੀ ਨਵੇਂ ਘਰ ਵਿਖੇ ਲੱਗ ਰਹੇ ਨਵੇਂ ਸਟੋਨ ਕਰੱਸ਼ਰਾਂ ਖ਼ਿਲਾਫ਼ ਮੋਰਚਿਆਂ 'ਤੇ ਡਟੇ ਹੋਏ ਹਨ।ਪੱਤੀ ਨਾਮ ਨਗਰ ਦਾ ਪੱਕਾ ਮੋਰਚਾ ਅੱਜ 46ਵੇਂ ਦਿਨ 'ਚ ਪ੍ਰਵੇਸ਼ ਕਰ ਗਿਆ ਹੈ। ਪੱਤੀ ਨਵੇਂ ਘਰ ਕੋਲ਼ ਲਗਾਏ ਜਾ ਰਹੇ ਸਟੋਨ ਕਰੱਸ਼ਰ ਖਿਲਾਫ਼ ਪਿੰਡ ਵਾਸੀਆਂ ਨੇ ਪਹਿਲੀ ਤਾਰੀਕ ਤੋਂ ਪੱਕਾ ਮੋਰਚਾ ਸ਼ੁਰੂ ਕੀਤਾ ਹੋਇਆ ਹੈ।ਲੋਕ ਇਕ ਦਹਾਕੇ ਤੋਂ ਵਧ ਸਮੇਂ ਤੋਂ ਨਾਜਾਇਜ਼ ਖਣਨ ਦੀ ਮਾਰ ਝੱਲ ਰਹੇ ਹਨ, ਸਾਲ 2023 'ਚ ਪਏ ਭਾਰੀ ਮੀਂਹ ਕਾਰਨ ਬਿਆਸ ਦਰਿਆ ਕੰਢੇ ਦਾ ਸਮੁੱਚਾ ਖ਼ੇਤਰ ਹੜਾਂ ਦੀ ਭਾਰੀ ਮਾਰ ਹੇਠ ਸੀ। ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ, ਪਿੰਡ ਢਾਡੇਕਟਵਾਲ ਦੇ ਪ੍ਰਧਾਨ ਸੁਖਦੇਵ ਸਿੰਘ, ਸਕੱਤਰ ਸੁੱਚਾ ਸਿੰਘ, ਮੈਂਬਰ ਪ੍ਰਤਾਪ ਸਿੰਘ ਅਤੇ ਪ੍ਰਗਟ ਸਿੰਘ, ਪਿੰਡ ਨਵੇਂ ਘਰ ਦੇ ਸਾਬਕਾ ਸਰਪੰਚ ਦਲੇਲ ਸਿੰਘ ਨੇ ਕਿਹਾ ਕਿ 'ਆਪ' ਸਰਕਾਰ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਨਾਜਾਇਜ਼ ਖਣਨ 'ਤੇ ਨਕੇਲ ਕੱਸਣ ਦਾ ਵਾਅਦਾ ਕੀਤਾ ਸੀ। ਪਰ ਭਗਵੰਤ ਮਾਨ ਸਰਕਾਰ ਵੱਲੋਂ ਖ਼ੇਤਰ 'ਚ ਨਵੇਂ ਕਰੱਸ਼ਰ ਲਗਾਉਣ ਦੀਆਂ ਉਪਰੋਂ ਥਲੀ ਦਿੱਤੀਆਂ ਜਾ ਰਹੀਆਂ ਪ੍ਰਵਾਨਗੀਆਂ ਖ਼ੇਤਰ ਦੀ ਤਬਾਹੀ ਨੂੰ ਸੱਦਾ ਦੇ ਰਹੀਆਂ ਹਨ। ਉਨ੍ਹਾਂ ਦੇ ਬਜ਼ੁਰਗਾਂ ਵੱਲੋਂ ਦਰਿਆ ਬਿਆਸ ਕੰਢੇ ਅਬਾਦ ਕੀਤੀਆਂ ਜ਼ਮੀਨਾਂ ਨੂੰ ਕਰੱਸ਼ਰ ਅਤੇ ਖਣਨ ਮਾਫੀਆ ਬੇਰਹਿਮੀ ਨਾਲ ਉਜਾੜ ਰਿਹਾ ਹੈ। ਸਰਕਾਰ ਅਤੇ ਪ੍ਰਸ਼ਾਸਨ ਪੀੜ੍ਹਤਾਂ ਨਾਲ ਖੜਨ ਦੀ ਬਜਾਇ ਮਾਫੀਆ ਦੀ ਸੇਵਾ ਕਰ ਰਿਹਾ ਹੈ।ਉਧਰ ਅੱਜ ਖਣਨ ਪੀੜਤ ਪਿੰਡ ਬਡਾਲੀਆਂ ਡੇਰਾ ਵਾਸੀਆਂ ਨੇ ਵੀ ਖਣਨ ਅਤੇ ਕਰੱਸ਼ਰਾਂ ਖਿਲਾਫ਼ ਡਟਣ ਦਾ ਫੈਸਲਾ ਕੀਤਾ ਹੈ। ਪਿੰਡ 'ਚ ਸੀਮਾ ਰਾਣੀ ਦੀ ਪ੍ਰਧਾਨਗੀ ਹੇਠ 21 ਮੈਂਬਰੀ ਸੰਘਰਸ਼ ਕਮੇਟੀ ਦਾ ਗਠਨ ਕੀਤਾ।

ਪੱਤੀ ਨਾਮ ਨਗਰ ਵਿਖੇ ਲਗਾਇਆ ਪੱਕਾ ਮੋਰਚਾ 46ਵੇਂ ਦਿਨ 'ਚ ਜਾਰੀ

ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ 'ਮਿਸ਼ਨ ਪ੍ਰਗਤੀ' ਦਾ ਆਗਾਜ਼

ਨਵਾਂਸ਼ਹਿਰ, (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)

ਜ਼ਿਲ੍ਹੇ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨੌਜਵਾਨਾਂ ਦੀ ਭਲਾਈ ਦੇ ਵਿਜ਼ਨ ਨੂੰ ਅੱਗੇ ਵਧਾਉਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋਂ ਸੀਨੀਅਰ ਪੁਲਸ ਕਪਤਾਨ ਡਾ. ਮਹਿਤਾਬ ਸਿੰਘ ਨਾਲ ਸਰਕਾਰੀ ਆਈ.ਟੀ.ਆਈ ਨਵਾਂਸ਼ਹਿਰ ਵਿਖੇ ਇਕ ਮੁਫ਼ਤ ਸਿਖਲਾਈ ਕਰੈਸ਼ ਕੋਰਸ 'ਮਿਸ਼ਨ ਪ੍ਰਗਤੀ' ਸ਼ੁਰੂ ਕੀਤਾ ਗਿਆ, ਤਾਂ ਜੋ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਨ ਦੇ ਚਾਹਵਾਨ ਨੌਜਵਾਨ, ਮਾਹਿਰਾਂ ਤੋਂ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰ ਸਕਣ। ਇਸ ਪਹਿਲ ਦਾ ਉਦੇਸ਼ ਨੌਜਵਾਨਾਂ ਵਿਚ ਇਕ ਸਿਹਤਮੰਦ ਅਤੇ ਕੁਸ਼ਲ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦਿਆਂ ਪੁਲਿਸ/ਫ਼ੌਜ/ਅਗਨੀਵੀਰ, ਪੰਜਾਬ ਸਿਵਲ ਸੇਵਾਵਾਂ, ਬੈਂਕਿੰਗ ਪ੍ਰੀਖਿਆਵਾਂ ਆਦਿ ਵਰਗੀਆਂ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਚਾਹਵਾਨ ਉਮੀਦਵਾਰਾਂ ਨੂੰ ਇਕੋ ਛੱਤ ਥੱਲੇ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ ਇਹ ਨੌਜਵਾਨਾਂ ਲਈ ਇਕ ਸ਼ਾਨਦਾਰ ਅਤੇ ਸੁਨਹਿਰੀ ਮੌਕਾ ਹੈ, ਕਿਉਂਕਿ 'ਮਿਸ਼ਨ ਪ੍ਰਗਤੀ' ਦੇ ਤਹਿਤ ਫਿਜ਼ੀਕਲ ਅਤੇ ਲਿਖਤੀ ਪ੍ਰੀਖਿਆ ਦੀ ਤਿਆਰੀ ਇਕੋ ਛੱਤ ਹੇਠ ਯਾਨੀ ਕਿ ਇਕ ਹੀ ਜਗ੍ਹਾ 'ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜ਼ਿਲ੍ਹੇ ਵਿਚ ਕੋਈ ਵੀ ਚਾਹਵਾਨ ਉਮੀਦਵਾਰ ਸਰੋਤਾਂ ਜਾਂ ਮਾਰਗਦਰਸ਼ਨ ਦੀ ਘਾਟ ਕਾਰਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਪਹਿਲੇ ਬੈਚ ਵਿਚ ਇਹ ਸਿਖਲਾਈ ਸ਼ਹੀਦ ਭਗਤ ਸਿੰਘ ਨਗਰ ਦੇ 35 ਨੌਜਵਾਨਾਂ ਨਾਲ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕ

ਦੇਵ ਸਮਾਜ ਕਾਲਜ ਫ਼ਾਰ ਵੂਮੈਨ ਨੂੰ ਦੇਸ਼ ਭਰ 'ਚੋਂ 8ਵਾਂ ਸਥਾਨ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਦੇਵ ਸਮਾਜ ਕਾਲਜ ਫਾਰ ਵਿਮਨ ਅਕਾਦਮਿਕ, ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਇੱਕ ਏ+ ਗ੍ਰੇਡ ਪ੍ਰਾਪਤ ਕਾਲਜ ਹੈ।ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ-ਛਾਇਆ ਤੇ ਪ੍ਰਿੰਸੀਪਲ ਡਾ. ਸੰਗੀਤਾ ਦੀ ਯੋਗ ਅਗਵਾਈ ਅਧੀਨ ਇਹ ਸੰਸਥਾ ਕਾਰਜਸ਼ੀਲ ਹੈ।ਦੇਵ ਸਮਾਜ ਕਾਲਜ ਫ਼ਾਰ ਵਿਮਨ ਨੇ ਈ-ਸਰੋਤਾਂ ਦੀ ਵਰਤੋਂ ਵਿੱਚ ਚੌਥੀ ਵਾਰ ਦੇਸ਼ ਭਰ ਵਿੱਚ 8ਵਾਂ ਸਥਾਨ ਹਾਸਲ ਕਰਕੇ ਆਪਣੀ ਸਫ਼ਲਤਾ ਦਾ ਸਬੂਤ ਦਿੱਤਾ ਹੈ।ਐਨਫਲਬਿਨੇਟ ਐਨ-ਲਿਸਟ ਪ੍ਰੋਗਰਾਮ ਦੀ ਮਹੀਨੇ ਦੀ ਜਾਰੀ ਟਾਪ-10 ਉਪਯੋਗਕਰਤਾਂ ਕਾਲਜਾਂ ਵਿੱਚੋਂ ਦੇਵ ਸਮਾਜ ਕਾਲਜ ਉੱਤਰੀ ਭਾਰਤ ਦਾ ਇਕਲੌਤਾ ਕਾਲਜ ਹੈ।ਐਨ-ਲਿਸਟ ਦਾ ਸੰਚਾਲਨ ਐਨਫਿਲਬਨੈਟ (ਇਨਫਰਮੇਸ਼ਨ ਐਂਡ ਲਾਇਬ੍ਰੇਰੀ ਨੈਟਵਰਕ) ਗਾਂਧੀਨਗਰ, ਗੁਜਰਾਤ ਦੁਆਰਾ ਸੰਚਾਲਤ ਕੀਤਾ ਜਾਂਦਾ ਹੈ ਤੇ ਜੋ 6,000 ਤੋਂ ਵੱਧ ਈ-ਜਰਨਲਾਂ, ਐਨ.ਲਿਸਟ ਅਧੀਨ 1,99,500+ ਈ-ਕਿਤਾਬਾਂ ਅਤੇ ਐੱਨਡੀਐੱਲ ਰਾਹੀਂ 6 ਲੱਖ ਈ-ਕਿਤਾਬਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਪ੍ਰੋਗਰਾਮ ਰਾਹੀਂ ਉਪਭੋਗਤਾ ਕਾਲਜ ਦੇ ਨਾਲ-ਨਾਲ ਘਰ ਵਿੱਚ ਵੀ ਵੱਖ-ਵੱਖ ਕਿਸਮਾਂ ਦੇ ਅਧਿਐਨ ਸਮੱਗਰੀ ਤੱਕ ਪਹੁੰਚ ਕਰ ਸਕਦੇ ਹਨ।ਇਸ ਸਮੇਂ ਦੇਵ ਸਮਾਜ ਕਾਲਜ ਦੇ 120 ਤੋਂ ਵੱਧ ਅਧਿਆਪਕ ਤੇ ਵਿਦਿਆਰਥੀ ਇਸ ਸਹੂਲਤ ਦੀ ਵਰਤੋਂ ਕਰ ਰਹੇ ਹਨ।ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਇਸ ਸਫ਼ਲਤਾ ਤੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਉਨ੍ਹਾਂ ਕਾਲਜ ਦੇ ਲਾਇਬ੍ਰੇਰੀ ਵਿਭਾਗ ਦੇ ਇੰਚਾਰਜ ਮੈਡਮ ਅਲਕਾ, ਡਾ. ਸੰਧਿਆ ਅਵਸਥੀ ਤੇ ਲਾਇਬ੍ਰੇਰੀ ਦੇ ਸਮੂਹ ਸਟਾਫ਼ ਨੂੰ ਐਨ-ਲਿਸਟ ਪ੍ਰੋਗਰਾਮ ਦੇ ਸਫ਼ਲ ਆਯੋਜਨ 'ਤੇ ਵਧਾਈ ਦਿੱਤੀ।

ਪੰਜਾਬ ਕਿਸਾਨ ਯੂਨੀਅਨ ਮਾਲਵਾ ਜ਼ੋਨ ਦੀ ਹੋਈ ਮੀਟਿੰਗ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਕਿਸਾਨ ਯੂਨੀਅਨ ਮਾਲਵਾ ਜ਼ੋਨ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ। ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ, ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀ ਬਾਘਾ, ਖ਼ਜ਼ਾਨਚੀ ਗੁਰਜੰਟ ਸਿੰਘ ਮਾਨਸਾ, ਪ੍ਰੈਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ 9 ਫਰਵਰੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਸੰਸਦ ਮੈਂਬਰਾਂ ਨੂੰ ਕਿਸਾਨਾਂ ਵੱਲੋਂ ਮੰਗ ਪੱਤਰ ਦਿੱਤੇ ਜਾਣਗੇ, ਜਿਸ ਵਿੱਚ ਪੰਜਾਬ ਕਿਸਾਨ ਯੂਨੀਅਨ ਵੀ ਸ਼ਮੂਲੀਅਤ ਕਰੇਗੀ ਤੇ 13 ਫਰਵਰੀ ਨੂੰ ਜਿਉਂਦ ਵਿਖੇ ਭਾਰਤ ਮਾਲਾ ਦੇ ਨਾਂਅ ਹੇਠ ਖੇਤੀ ਸੰਕਟ ਪੈਦਾ ਕਰਨ ਦੀ ਮਨਸਾ ਨਾਲ ਵਾਹੀ ਯੋਗ ਜਮੀਨਾਂ ਵਿੱਚੋਂ ਦੀ ਕੱਢੀ ਜਾ ਰਹੀ ਸੜਕ ਦੇਸ਼ ਭਰ ਦੇ ਕਿਸਾਨਾਂ ਨੂੰ ਰੁਜਗਾਰ ਤੋਂ ਵਾਂਝਾ ਕਰੇਗੀ, ਜਿਸ ਦੇ ਵਿਰੋਧ ਵਿੱਚ ਚੱਲ ਰਹੇ ਸੰਘਰਸ਼ ਵਿੱਚ ਪੰਜਾਬ ਕਿਸਾਨ ਯੂਨੀਅਨ ਪੂਰੀ ਤਰ੍ਹਾਂ ਸ਼ਿਰਕਤ ਕਰੇਗੀ। ਉਨ੍ਹਾਂ ਕਿਹਾ ਕਿ ਕੇਂਦਰੀ ਬੱਜਟ 2025 ਵਿੱਚ ਸਰਕਾਰ ਨੇ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਵਿੱਚ ਅਲਾਟਮੈਂਟ ਨੂੰ ਘਟਾਉਂਦੇ ਹੋਏ ਬੀਮਾ ਖੇਤਰ ਵਿੱਚ ਵਿਦੇਸੀ ਨਿਵੇਸ਼ ਨੂੰ 100/- ਤੱਕ ਵਧਾ ਦਿੱਤਾ ਗਿਆ ਹੈ, ਜਿਸ ਨਾਲ ਦੇਸ਼ ਦੇ ਕਿਸਾਨ ਤੇ ਆਮ ਲੋਕ ਪ੍ਰਾਈਵੇਟ ਕਾਰਪੋਰੇਸ਼ਨ ਦੇ ਸ਼ਿਕੰਜੇ ਵਿੱਚ ਜਕੜੇ ਗਏ ਹਨ। ਉਨ੍ਹਾਂ ਕਿਹਾ ਕਿ ਦੇਸ ਭਰ ਦੇ ਮਿਹਨਤਕਸ਼, ਕਿਸਾਨ ਮਜ਼ਦੂਰ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਸੰਘਰਸ਼ਾਂ 'ਤੇ ਟੇਕ ਰੱਖਣ।

ਗ਼ਰੀਬ ਪਰਵਾਰਾਂ ਨੂੰ ਕੱਚੇ ਤੋਂ ਪੱਕੇ ਮਕਾਨ ਬਣਾਉਣ ਲਈ 2.50 ਲੱਖ ਰੁਪਏ ਦੀ ਗ੍ਰਾਂਟ ਮਿਲੇਗੀ : ਕੁੰਦਰਾ, ਸੂਦ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਤੇ ਕੌਂਸਲਰ ਅਸ਼ੋਕ ਸੂਦ ਨੇ ਦੱਸਿਆ ਕਿ ਸ਼ਹਿਰ ਦੇ ਗਰੀਬ ਤੇ ਲੋੜਵੰਦ ਪਰਿਵਾਰ ਜਿਨ੍ਹਾਂ ਦੇ ਮਕਾਨ ਕੱਚੇ ਹਨ, ਉਨ੍ਹਾਂ ਦਾ ਮਕਾਨ ਪੱਕਾ ਕਰਾਉਣ ਲਈ 2.50 ਲੱਖ ਰੁਪਏ ਦੀ ਗ੍ਰਾਂਟ ਮਿਲੇਗੀ। ਆਗੂਆਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਅਵਾਸ ਯੋਜਨਾ ਸ਼ਹਿਰੀ ਤਹਿਤ ਜਿਹੜੇ ਵੀ ਗਰੀਬ ਪਰਿਵਾਰ ਸ਼ਹਿਰ ਦੀ ਹਦੂਦ ਅੰਦਰ ਰਹਿੰਦੇ ਹਨ ਤੇ ਉਨ੍ਹਾਂ ਦੇ ਮਕਾਨ ਕੱਚੇ ਹਨ, ਉਹ ਨਗਰ ਕੌਂਸਲ ਵਿਖੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾਉਣ ਅਤੇ ਯੋਜਨਾ ਦਾ ਲਾਭ ਲੈਣ। ਪ੍ਰਧਾਨ ਕੁੰਦਰਾ ਨੇ ਦੱਸਿਆ ਕਿ 2024 ਵਿੱਚ ਜਿਹੜੇ ਲੋਕਾਂ ਨੇ ਆਪਣੀਆਂ ਫਾਈਲਾਂ ਜਮ੍ਹਾਂ ਕਰਾਈਆਂ ਸਨ, ਉਹ ਸਰਕਾਰ ਵੱਲੋਂ ਰੱਦ ਕਰ ਦਿੱਤੀਆਂ ਹਨ ਤੇ ਹੁਣ ਨਵੀਆਂ ਅਰਜ਼ੀਆਂ ਮੰਗੀਆਂ ਗਈਆਂ ਹਨ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਜਿਹੜੇ ਗਰੀਬ ਪਰਵਾਰ ਦਾ ਘਰ ਕੱਚਾ ਹੈ, ਉਹ ਹੀ ਇਸ ਯੋਜਨਾ ਅਧੀਨ ਆਉਂਦਾ ਹੈ ਤੇ ਉਕਤ ਵਿਅਕਤੀ ਆਪਣੇ ਦਸਤਾਵੇਜ਼ ਜਮ੍ਹਾਂ ਕਰਾਏ। ਉਨ੍ਹਾਂ ਕਿਹਾ ਕਿ ਕੁਝ ਲੋਕ ਜਿਨ੍ਹਾਂ ਦੇ ਘਰ ਕੱਚੇ ਹਨ, ਉਹ ਵੀ ਗ੍ਰਾਂਟ ਲੈਣ ਲਈ ਦਸਤਾਵੇਜ਼ ਜਮ੍ਹਾਂ ਕਰਾ ਦਿੰਦੇ ਹਨ, ਜੁ ਯੋਜਨਾਵਾਂ ਦੇ ਨਿਯਮਾਂ ਅਧੀਨ ਨਹੀਂ ਆਉਂਦੇ, ਇਸ ਲਈ ਅਜਿਹੇ ਵਿਅਕਤੀ ਆਪਣੀ ਅਰਜ਼ੀ ਬਿਲਕੁਲ ਨਾ ਦੇਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੇਵਲ ਯੋਗ ਕੱਚੇ ਮਕਾਨਾਂ ਵਾਲੇ ਗਰੀਬ ਵਿਅਕਤੀ ਹਨ, ਉਨ੍ਹਾਂ ਨੂੰ ਹੀ ਯੋਜਨਾ ਤਹਿਤ ਗ੍ਰਾਂਟ ਜਾਰੀ ਹੋਵੇਗੀ।

ਸਟੀਫਨ ਇੰਟਰਨੈਸ਼ਨਲ ਸਕੂਲ ਦੀ ਸਹਿਨੂਰ ਬਾਵਾ 500 ਮੀਟਰ ਦੌੜ 'ਚ ਆਈ ਅੱਵਲ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਸਟੀਫਨ ਇੰਟਰਨੈਸ਼ਨਲ ਸਕੂਲ ਦੇ ਸਹਿਨੂਰ ਬਾਵਾ ਨੇ ਓਪਨ ਸਟੇਟ ਐਥਲੈਟਿਕ ਚੈਂਪੀਅਨਸ਼ਿਪ 2025 ਵਿੱਚ 500 ਮੀਟਰ ਦੌੜ ਵਿੱਚ ਏਅਰ ਕੂਲਰ ਜਿੱਤਿਆ।ਸ਼੍ਰੀ ਗੁਰੂ ਨਾਨਕ ਦੇਵ ਜੀ ਸਪੋਰਟਸ ਕਲੱਬ ਮੇਹਲਣ ਦੁਆਰਾ ਆਯੋਜਿਤ ਇਸ ਈਵੈਂਟ ਵਿੱਚ ਪੰਜਾਬ ਅਤੇ ਹਰਿਆਣਾ ਦੇ ਚੋਟੀ ਦੇ ਐਥਲੀਟਾਂ ਨੇ ਭਾਗ ਲਿਆ।ਸ਼੍ਰੀਮਤੀ ਮੋਨਿਕਾ ਸ਼ਰਮਾ, ਪ੍ਰਿੰਸੀਪਲ ਨੇ ਕਿਹਾ ਕਿ ਸਾਨੂੰ ਸਹਿਨੂਰ ਦੀ ਪ੍ਰਾਪਤੀ 'ਤੇ ਬਹੁਤ ਮਾਣ ਹੈ। ਇਹ ਜਿੱਤ ਉਸ ਦੀ ਮਿਹਨਤ, ਲਗਨ ਅਤੇ ਐਥਲੈਟਿਕਸ ਲਈ ਜਨੂੰਨ ਦਾ ਪ੍ਰਮਾਣ ਹੈ। ਕੋਚ ਸ੍ਰੀ ਜਸਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਸਹਿਨੂਰ ਦੇ ਸਮਰਪਣ ਅਤੇ ਲਗਨ ਦਾ ਨਤੀਜਾ ਨਿਕਲਿਆ ਹੈ। ਮੈਨੂੰ ਉਸ ਦਾ ਕੋਚ ਬਣਨ 'ਤੇ ਮਾਣ ਹੈ ਅਤੇ ਭਵਿੱਖ ਵਿੱਚ ਉਸ ਤੋਂ ਹੋਰ ਵੀ ਉੱਚਾਈਆਂ ਛੂਹਣ ਦੀ ਉਮੀਦ ਹੈ। ਸ਼੍ਰੀ ਦੀਪਕ ਗੁਪਤਾ, ਚੇਅਰਮੈਨ ਨੇ ਕਿਹਾ ਕਿ ਸਹਿਨੂਰ ਦੀ ਜਿੱਤ ਸਿਰਫ਼ ਇੱਕ ਨਿੱਜੀ ਪ੍ਰਾਪਤੀ ਨਹੀਂ ਹੈ, ਸਗੋਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਪਾਲਣ ਪੋਸ਼ਣ ਲਈ ਸਕੂਲ ਦੀ ਵਚਨਬੱਧਤਾ ਦਾ ਪ੍ਰਤੀਬਿੰਬ ਵੀ ਹੈ। ਅਸੀਂ ਸਹਿਨੂਰ ਨੂੰ ਵਧਾਈ ਦਿੰਦੇ ਹਾਂ ਅਤੇ ਉਸਦੇ ਐਥਲੈਟਿਕ ਮੁਕਾਬਲਿਆਂ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕਰਦੇ ਹਾਂ।

ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਦੀ ਮੀਟਿੰਗ



ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ ਸਬ-ਡਵੀਜ਼ਨ ਮਹਿਲ ਕਲਾਂ, ਠੁੱਲੀਵਾਲ ਦੀ ਅਹਿਮ ਮੀਟਿੰਗ ਪ੍ਰਧਾਨ ਕੇਵਲ ਸਿੰਘ ਪੰਡੋਰੀ ਦੀ ਅਗਵਾਈ ਹੇਠ ਮਹਿਲ ਕਲਾਂ ਵਿਖੇ ਹੋਈ।ਇਸ ਮੌਕੇ ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਚੋਣਾਂ ਦੌਰਾਨ ਕੀਤੇ ਵਾਅਦਿਆਂ ਤੋਂ ਭੱਜ ਚੁੱਕੀ ਹੈ।ਜਥੇਬੰਦੀ ਵੱਲੋਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਲੜਿਆ ਜਾ ਰਿਹਾ ਹੈ, ਜੇਕਰ ਹੱਕੀ ਮੰਗਾਂ ਤੁਰੰਤ ਨਾ ਮੰਨੀਆ ਤਾਂ ਰੋਸ ਵਜੋਂ ਆਉਣ ਵਾਲੇ ਪੰਜਾਬ ਵਿਧਾਨ ਸਭਾ ਸੈਸ਼ਨ ਦਾ ਪੈਨਸ਼ਨਰਾਂ ਤੇ ਮੁਲਾਜ਼ਮ ਫਰੰਟ ਵੱਲੋਂ ਸਾਂਝੇ ਤੌਰ 'ਤੇ ਡੱਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਸਾਧੂ ਸਿੰਘ ਬੜੀ, ਦਰਸ਼ਨ ਸਿੰਘ ਕਲਾਲ ਮਾਜਰਾ, ਪ੍ਰਧਾਨ ਬਿੱਕਰ ਸਿੰਘ ਛੀਨੀਵਾਲ, ਜਗਦੇਵ ਸਿੰਘ ਛਾਪਾ, ਸਰਜੀਤ ਸਿੰਘ ਖਿਆਲੀ, ਜਗਮੇਲ ਸਿੰਘ ਛੀਨੀਵਾਲ, ਸਮਸੇਰ ਸਿੰਘ ਬਾਜਵਾ, ਹਰਬੰਸ ਸਿੰਘ ਹਮੀਦੀ, ਸੁਖਦੇਵ ਸਿੰਘ ਗੁਰਮ, ਮੱਘਰ ਸਿੰਘ ਕੁਰੜ, ਸ਼ਿੰਗਾਰਾ ਸਿੰਘ ਕੁਰੜ, ਅਜੈਬ ਸਿੰਘ ਛਾਪਾ, ਹਰਮੇਲ ਸਿੰਘ ਗੋਬਿੰਦਗੜ੍ਹ, ਰਾਮ ਕਲਾਸ ਅਤੇ ਜਗਜੀਵਨ ਸਿੰਘ ਆਦਿ ਹਾਜ਼ਰ ਸਨ।

ਪਟੇਲ ਕਾਲਜ ਵਿਖੇ ਬਸੰਤ ਪੰਚਮੀ ਮਨਾਈ

ਰਾਜਪੁਰਾ (ਰਮੇਸ਼ ਕਟਾਰੀਆ)-ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿਖੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਤੇ ਡਾ. ਪਵਨਦੀਪ ਕੌਰ, ਮੁਖੀ ਹਿੰਦੀ ਵਿਭਾਗ ਦੀ ਦੇਖ-ਰੇਖ ਹੇਠ ਬਸੰਤ ਦਿਵਸ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਡਾ. ਚੰਦਰ ਪ੍ਰਕਾਸ਼ ਗਾਂਧੀ ਦੁਆਰਾ ਸਰਸਵਤੀ ਮਾਤਾ ਅੱਗੇ ਜੋਤ ਜਗਾ ਕੇ ਕੀਤੀ ਗਈ।ਇਸ ਮੌਕੇ ਡਾ. ਪਵਨਦੀਪ ਕੌਰ ਨੇ ਦੱਸਿਆ ਕਿ ਬਸੰਤ ਦਿਵਸ ਸਰਸਵਤੀ ਮਾਤਾ ਦੀ ਪੂਜਾ ਦੇ ਰੂਪ ਵਿਚ ਮਨਾਇਆ ਜਾਂਦਾ ਹੈ।ਉਨ੍ਹਾਂ ਇਸ ਦਿਨ ਨੂੰ ਬਸੰਤ ਰੁੱਤ ਦੀ ਸ਼ੁਰੂਆਤ ਤੇ ਨਵੀਂ ਊਰਜਾ ਦਾ ਪ੍ਰਤੀਕ ਦੱਸਿਆ।ਇਸ ਆਯੋਜਨ ਵਿੱਚ ਮੁਖੀ ਪੰਜਾਬੀ ਵਿਭਾਗ ਤੇ ਐਨ.ਐਸ.ਐਸ. ਦੇ ਪ੍ਰੋਗਰਾਮ ਅਫ਼ਸਰ ਡਾ. ਮਨਦੀਪ ਸਿੰਘ, ਡਾ. ਵੰਦਨਾ ਗੁਪਤਾ, ਡਾ. ਗਗਨਦੀਪ ਕੌਰ, ਪ੍ਰੋ. ਅਵਤਾਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਦਿਨ ਕਾਲਜ ਸਟਾਫ਼ ਤੇ ਵਿਦਿਆਰਥੀਆਂ ਲਈ ਕੜੀ ਚਾਵਲ ਦਾ ਲੰਗਰ ਵੀ ਲਾਇਆ ਗਿਆ, ਜਿਸ ਨੂੰ ਵਰਤਾਉਣ ਵਿੱਚ ਭੂਸ਼ਣ ਕੁਮਾਰ ਤੇ ਐਨ.ਐਸ.ਐਸ ਵਲੰਟੀਅਰਾਂ ਦੀ ਵਿਸ਼ੇਸ਼ ਭੂਮਿਕਾ ਰਹੀ।

ਐੱਨ ਓ ਸੀ ਜਾਰੀ ਨਾ ਕਰਨ 'ਤੇ ਕਿਸਾਨਾਂ ਵੱਲੋਂ ਬੈਂਕ ਅੱਗੇ ਪ੍ਰਦਰਸ਼ਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਪਿੰਡ ਦੁਤਾਲ ਦੇ ਕਿਸਾਨਾਂ ਨੇ ਬੈਂਕ ਤੋਂ ਕਰਜ਼ਾ ਕਲੀਅਰ ਕਰਨ ਦੇ ਬਾਵਜੂਦ ਬੈਂਕ ਵੱਲੋਂ ਐਨਓਸੀ ਨਾ ਦੇਣ ਦੇ ਰੋਸ ਵਜੋਂ ਬੈਂਕ ਦੇ ਬਾਹਰ ਧਰਨਾ ਦਿੱਤਾ ਗਿਆ।ਇਸ ਦੌਰਾਨ ਬੈਂਕ ਅਧਿਕਾਰੀਆਂ ਵੱਲੋਂ ਪ੍ਰਦਰਸ਼ਨਕਾਰੀਆਂ ਦੀ ਕੋਈ ਗੱਲ ਨਾ ਸੁਣੇ ਜਾਣ ਦੇ ਰੋਸ ਵਜੋਂ ਕਿਸਾਨਾਂ ਨੇ ਬੈਂਕ ਦਾ ਮੁੱਖ ਦਰਵਾਜ਼ਾ ਬੰਦ ਕਰਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਵੱਲੋਂ ਬੈਂਕ ਦਾ ਦਰਵਾਜ਼ਾ ਬੰਦ ਕੀਤੇ ਜਾਣ ਦਾ ਪਤਾ ਲੱਗਦਿਆਂ ਹੀ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚ ਗਏ ਤੇ ਉਨ੍ਹਾਂ ਦੋਨਾਂ ਧਿਰਾਂ ਵਿਚਕਾਰ ਗੱਲਬਾਤ ਸ਼ੁਰੂ ਕਰਾਈ। ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਦੱਸਿਆ ਕਿ ਪਿੰਡ ਦੁਤਾਲ ਦੇ ਕਿਸਾਨ ਬਹਾਦਰ ਸਿੰਘ ਨੇ ਪਾਤੜਾਂ ਸਥਿਤ ਬੈਂਕ ਦੀ ਸ਼ਾਖਾ ਤੋਂ ਦਸ ਲੱਖ ਰੁਪਏ ਦੀ ਲਿਮਟ ਤੇ ਤਿੰਨ ਲੱਖ ਰੁਪਏ ਦਾ ਕਰਜ਼ਾ ਲਿਆ ਸੀ, ਜਿਸ ਤੋਂ ਬਾਅਦ ਕਰੀਬ ਇੱਕ ਸਾਲ ਬਾਅਦ ਕਿਸਾਨ ਨੇ ਬੈਂਕ ਤੋਂ ਲਿਆ ਕਰਜ਼ਾ ਤੇ ਵਿਆਜ ਸਮੇਤ ਲਿਮਟ ਦੀ ਬਕਾਇਆ ਰਾਸ਼ੀ ਬੈਂਕ ਵਿੱਚ ਜਮ੍ਹਾਂ ਕਰਵਾ ਦਿੱਤੀ।ਕਿਸਾਨ ਬਹਾਦਰ ਸਿੰਘ ਨੇ ਬੈਂਕ ਤੋਂ ਐਨਓਸੀ ਦੇਣ ਲਈ ਬੈਂਕ ਦੇ ਸਬੰਧਤ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਬੈਂਕ ਵੱਲੋਂ ਲਿਮਿਟ ਤੇ ਕਰਜ਼ੇ ਦੀ ਮਿਆਦ ਪੂਰੀ ਹੋਣ ਤੱਕ ਉਹ ਚਾਰ ਫ਼ੀਸਦੀ ਵਿਆਜ ਅਦਾ ਕਰਕੇ ਖੇਤੀ ਜਾਰੀ ਰੱਖ ਸਕਦਾ ਹੈ, ਨੂੰ ਰੁਪਏ ਐਨਓਸੀ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸੰਬੰਧਤ ਕਿਸਾਨ ਵੱਲੋਂ ਵਾਰ-ਵਾਰ ਬੈਂਕ ਦੇ ਗੇੜੇ ਮਾਰਨ ਦੇ ਬਾਵਜੂਦ ਬੈਂਕ ਕ੍ਰਮਚਾਰੀਆਂ ਵੱਲੋਂ ਉਸ ਨੂੰ ਖੱਜਰ ਖੁਆਰ ਕੀਤਾ ਜਾ ਰਿਹਾ ਹੈ।

ਪੀੜਤ ਕਿਸਾਨ ਬਹਾਦਰ ਸਿੰਘ ਨੇ ਦੱਸਿਆ ਕਿ ਉਸ ਨੇ ਬੈਂਕ ਤੋਂ ਕਰਜ਼ਾ ਤੇ ਲਿਮਟ ਲਿਆ ਸੀ, ਜਿਸ ਤੋਂ ਬਾਅਦ ਜਦੋਂ ਉਸ ਨੂੰ ਪੈਸਿਆਂ ਦੀ ਲੋੜ ਪਈ ਤਾਂ ਉਸ ਨੇ ਕਿਸੇ ਹੋਰ ਬੈਂਕ ਤੋਂ ਕਰਜ਼ਾ ਲਿਆ ਅਤੇ ਇਸ ਬੈਂਕ ਤੋਂ ਵਿਆਜ ਸਮੇਤ ਸਾਰੀ ਰਕਮ ਵਾਪਸ ਕਰ ਦਿੱਤੀ, ਪਰ ਬੈਂਕ ਤੋਂ ਪੈਸੇ ਭਰਨ ਦੇ ਬਾਵਜੂਦ ਐਨਓਸੀ ਨਹੀਂ ਦਿੱਤੀ ਜਾ ਰਹੀ। ਉਸ ਨੇ ਮੰਗ ਕੀਤੀ ਹੈ ਕਿ ਉਸ ਨੂੰ ਐਨਓਸੀ ਦਿੱਤਾ ਜਾਵੇ ਤਾਂ ਜੁ ਉਹ ਭਵਿੱਖ ਵਿੱਚ ਆਪਣਾ ਕਾਰੋਬਾਰ ਚਲਾ ਸਕੇ।

ਕਿਸਾਨ ਯੂਨੀਅਨ ਨੇ ਬੈਂਕ ਦਾ ਮੁੱਖ ਗੇਟ ਬੰਦ ਕਰ ਦਿੱਤਾ, ਜਿਸ ਦੌਰਾਨ ਥਾਣਾ ਸਿਟੀ ਪੁਲਿਸ ਦੇ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ ਅਤੇ ਦੋਵਾਂ ਧਿਰਾਂ ਨਾਲ ਗੱਲਬਾਤ ਕਰਕੇ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮਾਮਲੇ ਸਬੰਧੀ ਸਹਾਇਕ ਐਸਐਚਓ ਜੈ ਪ੍ਰਕਾਸ਼ ਨੇ ਕਿਹਾ ਕਿ ਇਹ ਬੈਂਕ ਤੇ ਕਿਸਾਨ ਵਿਚਕਾਰ ਪੈਸਿਆਂ ਦੇ ਲੈਣ-ਦੇਣ ਦਾ ਮਾਮਲਾ ਹ